# ਤੀਸਰੀ ਅੱਖ



ਚਰਨ ਸਿੰਘ

# ਤੀਸਰੀ ਅੱਖ

( ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Teesri Akh

*(A Collecton of Poems )*

By : CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail.com

©

Edition: 2016

Price : Rs. 200/-

Title Designed by : Harpreet Singh

**Published by :**
Punjab Book Centre
Sector 22, Chandigarh
Tel. : 0172-2701952, 27855056

---

ਤੀਸਰੀ ਅੱਖ (ਕਾਵਿ ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਚਰਨ ਸਿੰਘ ਦਾ ਜੀਵਨ–ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਛਪਾਈ ਅਧੀਨ ਪੁਸਤਕਾਂ

(1) ਮਹਿਮਾ (ਕਾਵਿ–ਸੰਗ੍ਰਹਿ)
(2) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਲੋਕ ਟੱਪੇ)
(4) ਹੰਝੂਆਂ ਦੇ ਦਰਿਆ (ਪ੍ਰਗੀਤਕ–ਕਾਵਿ)
(5) ਛੁੱਪ ਗਏ ਤਾਰੇ (ਪ੍ਰਗੀਤਕ–ਕਾਵਿ)
(6) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(12) ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
(13) ਕਿਵ ਸੱਚਿਆਰਾ ਹੋਈਐ (ਕਾਵਿ–ਨਾਟਕ)
(14) ਆਧੁਨਿਕਤਾ ਦਾ ਮੁੱਢ ਤੇ ਵਿਕਾਸ (ਵਾਰਤਕ)

## ਵਿਸ਼ਵ ਸ਼ਾਂਤੀ ਨੂੰ ਸਮੱਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014
* ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਅਨ
* ਚਰਨ ਸਿੰਘ ਦਾ ਕਾਵਿ ਲੋਕ - ਪ੍ਰੋ. ਬ੍ਰਹਮ ਜਗਦੀਸ਼ ਸਿੰਘ
* ਚਰਨ ਸਿੰਘ ਕਾਵਿ - ਪ੍ਰੋ. ਬ੍ਰਹਮ ਜਗਦੀਸ਼ ਸਿੰਘ
* Beyond the horizon (Poetry in English) Tanslator : Krishan Bector
* ਨੀਲਾ ਆਸਮਾਂ (ਕਾਵਿ-ਸੰਗ੍ਰਹਿ)-2016
* ਬਾਹਰੋਂ ਆਇਆ ਆਦਮੀ-2016
* ਕੁਕਨੂਸ਼ (ਕਾਵਿ-ਸੰਗ੍ਰਹਿ)-2016

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪ੍ਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ

ਉਪਕਥਨ – ਸੁਰੇਂਦਰ ਮੋਹਨ
1. ਆਪਣੀ ਆਪਣੀ ਹੋਂਦ
2. ਹਲੂਣਾ
3. ਲਹੂ ਹਰਣ
4. ਇੱਕ-ਪੱਤਰ
5. ਆਪਣੇ ਨਾਂਅ
6. ਇਕ ਪਲ ਮੌਤ ਦਾ
7. ਚੇਤਨਾ
8. ਇਤਿਹਾਸ
9. ਓਪਰਾ ਘਰ
10. ਭਰਮ
11. ਵਾਸਨਾ
12. ਗਰੀਟਿੰਗ ਕਾਰਡ
13. ਝੋਰਾ
14. ਮੇਰੀ ਕਵਿਤਾ ਮੇਰਾ ਮਨ
15. ਅੰਨ੍ਹੀਆਂ ਅੱਖਾਂ ਅੰਨ੍ਹਾ ਸ਼ਹਿਰ
16. ਹਿੱਪਣ
17. ਮਾਂ ਤੇ ਮੈਂ
18. ਸ਼ਹਿਰ ਤੇ ਜੰਗਲ
19. ਰਾਜਧਾਨੀ
20. ਘਰ ਤੋਂ ਸੜਕ ਘਰ ਤੱਕ
21. ਫ਼ਰਾਖ਼ ਦਿਲੀ
22. ਬੁੱਢਾ ਸੂਰਜ
23. ਖ਼ੂਨ-ਖ਼ੂਨ
24. ਸਫ਼ਰ

25. ਨਰਕ ਦਾ ਜੰਗਲ
26. ਗਲੀਆਂ ਦੇ ਕੱਖ
27. ਕਾਲਾ ਚਾਨਣ
28. ਇਕ ਦੋਸਤ ਦਾ ਰੇਖਾ ਚਿੱਤਰ
29. ਜ਼ਖ਼ਮ
30. ਕਰਜਾਈ ਪੁੱਤਰ
31. ਜੀਵਨ ਦਾਨ
32. ਇਕ ਮੱਛਲੀ ਦਾ ਗੀਤ
33. ਉਹ ਲੋਕ
34. ਕੈਦੀ
35. ਮੁਖਾਤਿਬ
36. ਕੱਲ੍ਹ ਦੀ ਸੂਲੀ ਅੱਜ ਦਾ ਸਿਰ
37. ਚੌਬਾਰੇ ਦੀਆਂ ਮੋਰੀਆਂ
38. ਤਿੰਨ ਰੰਗ
39. ਤ੍ਰਿਕੋਣ
40. ਸ਼ਹਿਜ਼ਾਦਾ ਸਲੀਮ
41. ਚਾਚੀ ਰੱਜੋ ਦਾ ਬਰਨਾ
42. ਤੀਸਰੀ ਅੱਖ੍ਹ
43. ਪੁਲ-ਪੁਲ
44. ਉਹ ਜੋ ਬੀਤ ਗਿਆ
45. ਸਾਹਸ
46. ਸਲੱਗ
47. ਸੜਕ ਦੇ ਸਫੇ 'ਤੇ
48. ਗਰਭ-ਜੂੰਨ
49. ਰੌਸ਼ਨ ਬੱਤੀਆਂ ਹੇਠ
50. ਮੇਰੇ ਪਿੰਡ ਦੀ ਸ਼ਾਮ
51. ਸਾਹਾਂ ਦੀਆਂ ਸੜਕਾਂ ਤੇ ਦੌੜਦੇ ਲੋਕ

# ਉਪਕਥਨ

## ਕਵਿਤਾ ਵਿਚ ਜਾਦੂਗਰੀ

ਕਵਿਤਾ ਦਾ ਮੁੱਢਲਾ ਉਦੇਸ਼ ਉਸਦਾ ਜਾਦੂਈ ਹੋਣਾ ਹੈ। ਕਵਿਤਾ ਵਿਚ ਜਾਦੂਗਰੀ ਦਾ ਇਹ ਆਲਮ ਟੋਪੀ ਹੇਠੋਂ ਖਰਗੋਸ਼ ਕੱਢਣ ਦੇ ਮੁਹਾਵਰੇ ਨਾਲ ਨਹੀਂ ਜੁੜਦਾ ਸਗੋਂ ਕਵਿਤਾ ਵਿਚਲੀ ਰਹੱਸਮਇਤਾ, ਸੰਗੀਤ, ਆਨੰਦ ਜਾਂ ਦਰਦ ਦੇ ਅਦਭੁਤ ਪ੍ਰਗਟਾਅ ਦਾ ਸਿੱਟਾ ਹੈ। ਇਸ ਲਿਹਾਜ਼ ਤੋਂ ਕਵਿਤਾ ਨਾਟਕੀ ਯਾਨੀ ਡਰਾਮਈ ਹੈ। ਇਹ ਕਹਿਣਾ ਜ਼ਰਾ ਮੁਸ਼ਕਲ ਹੈ ਕਿ ਚਰਨ ਸਿੰਘ ਦੀ ਕਵਿਤਾ ਵਿਚ ਇਹ ਨਾਟਕੀ ਅੰਦਾਜ਼ ਮੌਜੂਦ ਹਨ। ਦਰਅਸਲ ਸਪਾਟਬਿਆਨੀ ਤੋਂ ਕੰਮ ਲਿਆ ਜਾਏ ਤਾਂ ਕਿਹਾ ਜਾ ਸਕਦਾ ਹੈ ਕਿ ਉਸਦੀ ਕਵਿਤਾ ਨਾਟਕੀ ਅੰਦਾਜ਼ ਤੋਂ ਰਹਿਤ ਜਾਦੂ ਦੇ ਰੰਗ ਦੀ ਕਵਿਤਾ ਹੈ।

ਅਸੀਂ ਘੁੱਪ ਹਨ੍ਹੇਰੇ 'ਚ
ਆਪਣਾ ਘਰ ਛੱਡਿਆ ਤੇ.ਸੜਕ ਮੱਲੀ ਸੀ
ਸਾਡੇ ਮਸਤਕੀ ਚਾਨਣ ਨੂੰ ਹਨ੍ਹੇਰਿਆਂ ਸੁੰਘਿਆ
ਸਾਡੇ ਵਿਚੋਂ
ਖੁੰਬ ਵਰਗਾ ਕੁਝ ਫੁੱਟਿਆ ਤੇ ਛਾ ਗਿਆ
ਸੜਕ ਇਕ ਨੰਗੀ ਮੁਟਿਆਰ ਵਾਂਗ
ਸਾਡੇ ਸੰਗ ਸੁੱਤੀ ਰਹੀ
ਪਰ ਉਸ ਖੁੰਬ ਵਰਗੇ ਕੂੜ ਨੇ ਸੀਕ ਲਿਆ
ਸਾਦਾ ਲਹੂ
ਤੇ ਅਸੀਂ ਸੜਕ ਘਰ ਛੱਡਣ ਦਾ ਹੀਆ ਨਾਂ ਕਰ ਸਕੇ

ਇਹ ਸ਼ਬਦ ਨਾਟਕੀ ਘੱਟ ਤੇ ਜਾਦੂਈ ਜ਼ਿਆਦਾ ਹਨ। ਸਪੱਸ਼ਟ ਹੈ ਕਿ ਚਰਨ ਸਿੰਘ ਆਪਣੇ ਹੀ ਦੁਆਲੇ ਇਕ ਜਾਦੂਈ ਮਾਹੌਲ ਬੁਣਦਾ ਹੈ ਤੇ. ਏਸ ਤਰ੍ਹਾਂ ਯਥਾਰਥ ਵਿਚ ਫੈਂਟੇਸ਼ੀ ਦੇ ਰੰਗ ਘੋਲ ਦੇਂਦਾ ਹੈ :

ਅਸੀਂ ਇਕ ਨਰਗਸੀ ਫੁੱਲ ਦੇ ਪਿੰਡੇ ਤੇ
ਜਰਮ ਰੀਂਗਦੇ ਤੱਕੇ

ਮੱਖੀਆਂ ਭਿਣਕਦੀਆਂ ਤੇ ਸੜਕ-ਘਰ ਦੇ ਲੋਕ ਖ਼ੁਦ
ਨਰਗਸ ਦੇ ਮੂੰਹ ਤੇ ਥੁੱਕਦੇ
ਉਂਗਲੀ ਲੱਗੇ ਜੁਆਕ ਨਰਸਗੀ ਫੁੱਲ ਨੂੰ ਤੱਕਦੇ
ਲਿਫ਼ਟਾਂ ਵਾਲੇ ਹੋਟਲ ਦਾ ਜ਼ਿਕਰ ਕਰਦੇ
ਆਪਣੇ ਪੈਰਾਂ ਤੇ ਖੜਦੇ
ਆਪਣੇ ਪੈਰਾਂ ਤੇ ਚਲਦੇ
ਉਨ੍ਹਾਂ ਦੇ ਮੂੰਹ 'ਚੋਂ ਖੁੰਬਾਂ ਦੀ ਭਾਜੀ ਲਈ
ਰਾਲਾਂ ਵਗ ਰਹੀਆਂ ਹੁੰਦੀਆਂ
ਸੜਕ ਦੀਆਂ ਬੱਤੀਆਂ ਜਗ ਰਹੀਆਂ ਹੁੰਦੀਆਂ
ਅਸੀਂ ਮਸਤਕ ਦੀ ਜੋਤ ਬੁਝਾ ਕੇ
ਇਕ ਜਰਮ ਬਣ ਜਾਂਦੇ
ਤੇ ਉਸ ਨਰਗਸੀ ਫੁੱਲ ਦੀ ਧੁੰਨੀ ਦਾ ਸਫ਼ਰ ਕਰਦੇ।

ਫੈਂਟੇਸੀ ਤੋਂ ਬਾਅਦ ਚਰਨ ਸਿੰਘ ਦੀ ਕਵਿਤਾ ਸਮਕਾਲੀ ਯਥਾਰਥ ਦਾ ਪ੍ਰਗਟਾਅ ਕਰਦੀ ਹੈ। ਸਮਕਾਲੀ ਯਥਾਰਥ ਨਾਲ ਟਕਰਾਉਣ ਵਾਲੇ ਕਵੀ ਦਾ ਤੀਖਣ ਅਨੁਭਵ ਉਸ ਵਿਚ ਮੌਜੂਦ ਹੈ। 'ਤੀਸਰੀ ਅੱਖ' ਇਸ ਅਨੁਭਵ ਦੇ ਬਿਆਨ ਦੀ ਕਵਿਤਾ ਹੈ :

(ਮੈਂ) ਦਾਵਾ ਨਹੀਂ ਕਰਦਾ
ਕਿ ਉੱਤਰੇ ਅੱਖਰਾਂ ਦਾ ਰੰਗ ਕੀ ਹੋਣਾ
ਤੇ ਕਦੋਂ ਮੇਰੀ ਕਲਮ ਦੀ ਸਿਹਾਈ ਮੁੱਕ ਜਾਣੀ।

ਅਭਿਵਿਅਕਤੀ ਦੀ ਇਹ ਬੇਚੈਨੀ ਉਸਨੂੰ ਦੂਸਰੇ ਸਮਕਾਲੀ ਕਵੀਆਂ ਤੋਂ—ਜੋ ਆਪਣੀ ਕਾਵਿ-ਰਚਨਾ ਤੋਂ ਆਤਮ-ਸੰਤੁਸ਼ਟ ਜਾਪਦੇ ਹਨ— ਵੱਖਰਿਆਂ ਕਰ ਦੇਂਦੀ ਹੈ। ਉਸ ਦੀ ਕਵਿਤਾ ਆਤਮ ਸੰਤੋਸ਼ ਦੀ ਕਵਿਤਾ ਨਹੀਂ, ਆਤਮ-ਖੋਜ ਦੀ ਕਵਿਤਾ ਹੈ। ਉਹ ਇਹ ਵੀ ਦਾਵਾ ਨਹੀਂ ਕਰਦਾ ਕਿ ਤੀਸਰੀ ਅੱਖ ਰਾਹੀਂ ਉਹ ਸਾਰੇ ਸੰਸਾਰ ਨੂੰ ਉਸਦੀ ਸਾਰੀ ਗੰਦਗੀ ਸਮੇਤ ਤੱਕ ਲਏਗਾ। ਸਗੋਂ...

ਸਭ ਤੋਂ ਵੱਧ ਅੱਖ ਸ਼ਹਿਰ ਨੂੰ ਨਹੀਂ
ਸ਼ਹਿਰ ਅੱਖ਼ ਨੂੰ ਤੱਕਦਾ ਹੈ।

ਏਸ ਤਰ੍ਹਾਂ ਤੀਸਰੀ ਅੱਖ਼ ਦਾ ਜੋ ਵਰ ਉਸ ਨੂੰ ਮਿਲਿਆ ਹੈ, ਉਹ ਸਰਾਪ ਵਿਚ ਬਦਲ ਜਾਂਦਾ ਹੈ। ਤੀਸਰੀ ਅੱਖ਼ ਪਾ ਕੇ ਵੀ ਉਹ ਭਗਵਾਨ ਸ਼ਿਵ ਨਹੀਂ ਹੋ ਸਕਦਾ। ਉਹ ਇਕ ਸਰਾਪੀ ਰੂਹ ਹੋ ਜਾਂਦਾ ਹੈ ਜੋ ਕਿਸੇ ਤਰ੍ਹਾਂ ਵੀ ਆਪਣੇ ਅਨੁਭਵ ਨੂੰ ਬਿਆਨ ਕਰਨ ਦੇ ਸੰਕਟ ਤੋਂ ਮੁਕਤ ਨਹੀਂ ਹੋ ਸਕਦੀ :

ਮੈਂ ਆਪਣੇ ਆਪ ਨੂੰ ਦੋਸ਼ੀ ਗਿਨਣ ਲੱਗਦਾਂ
ਸ਼ੀਸ਼ੇ 'ਚ ਚਿੜੇ ਵਾਂਗ ਚੁੰਝਾਂ ਤੇ ਪੰਜੇ ਮਾਰ ਕੇ
ਆਪਣਾ ਆਪ ਲਹੂ-ਲੁਹਾਣ ਕਰ ਲੈਂਦਾਂ
ਕਿ ਆਪ ਮੁਹਾਰੇ ਉੱਗ ਆਈ
ਇਸ ਤੀਸਰੀ ਅੱਖ਼ ਦਾ
ਕਿਉਂ ਆਪਣਾ ਚਾਨਣ ਹੈ ?

ਕਿਉਂ ? ਆਖਿਰ ਕਿਉਂ? ਆਪਣੇ ਆਪ ਨੂੰ ਖ਼ੁਦ ਹੀ ਲਹੂ-ਲੁਹਾਣ ਕਰਨ ਤੇ ਆਪਣੀ ਤੀਸਰੀ ਅੱਖ ਦੇ ਚਾਨਣ ਨੂੰ ਨਾ ਸਹਾਰ ਸਕਣ ਦਾ ਜੋ ਦਰਦ ਹੈ, ਉਹ ਉਸ ਦੇ ਬਹੁਤ ਘੱਟ ਸਮਕਾਲੀ ਕਵੀਆਂ 'ਚ ਮਿਲਦਾ ਹੈ। ਇਸ ਦ੍ਰਿਸ਼ਟੀ ਤੋਂ ਚਰਨ ਸਿੰਘ ਦੀ ਕਵਿਤਾ ਦਾ ਇਕ ਆਪਣਾ ਰੰਗ ਹੈ, ਇਕ ਜਾਦੂ ਰੰਗ।

–ਸੁਹੇਂਦਰ ਮੋਹਨ

# ਆਪਣੀ ਆਪਣੀ ਹੋਂਦ

ਹੁਣ ਆਪਣੀ ਹੋਂਦ ਦੇ ਅਰਥ
ਬਦਲ ਹੀ ਲਵਾਂ ਤਾਂ ਚੰਗਾ ਹੈ
ਇਸ ਤਰ੍ਹਾਂ
ਜ਼ਿੰਦਗੀ ਦੇ ਢਾਹੇ ਹੇਠ
ਕਿੰਨ੍ਹਾ ਕੁ ਚਿਰ ਜੀਵਾਂਗਾ

-0-

ਮੇਰੇ ਲਈ ਔਖਾ ਹੈ
ਧੁੱਨੀ ਚੋਂ ਕਸਤੂਰੀ ਪੈਦਾ ਕਰਨੀ
ਜਦ ਖੁਸ਼ਬੂ ਦੇ ਹੀ
ਅਰਥ ਬਦਲੇ ਹਨ
ਮੈਂ ਇਸ ਸਵਰਗ ਤੋਂ
ਉਸ ਨਰਕ ਦਾ ਕੀੜਾ ਹੀ ਚੰਗਾ ਹਾਂ
ਜਿੱਥੇ ਆਪਣੇ ਕੋਲ ਆ ਕੇ ਵੀ ਇੱਛਾ ਹੈ
ਰੇਗਿਸਥਾਨ ਹੰਗਾਲਣ ਦੀ
ਤੇ ਮੇਰੀ ਹੋਂਦ ਦੇ ਪੂਰਾਂ ਦੇ ਪੂਰ
ਰੇਗਿਸਤਾਨ ਦੀ ਹਿੱਕ 'ਤੇ
ਉਸ ਅਰਥ ਵਾਂਗ ਨੇ
ਜਿਨ੍ਹਾਂ ਲਈ ਲਫ਼ਜ਼ ਨਹੀਂ ਜਨਮੇਂ

-0-

ਰਗਾਂ 'ਚ ਗਿੜਦਾ ਲਹੂ
ਕੁੱਝ ਕਰ ਨਾ ਬੈਠੇ
ਇਸ ਲਈ ਇਕੱਲਾ ਨਹੀਂ ਸਊਂਦਾ
ਉਂਝ ਇਸ ਮੋੜ ਤੇ ਆ ਕੇ
ਮੈਂ ਇਕ ਬੁੱਧ ਹਾਂ

ਤੇ ਮੇਰੇ ਜ਼ਿਹਨ 'ਚ
ਇਕ ਨਵਾਂ ਸੂਰਜ ਉੱਗਿਆ ਹੈ
ਚੁੱਪ ਤੋੜਨ ਲਈ
ਹਵਾ ਦਾ ਰੁੱਖ ਮੋੜਨ ਲਈ

-0-

ਹੁਣ ਆਪਣੀ ਹੋਂਦ ਦੇ ਅਰਥ
ਬਦਲ ਹੀ ਲਵਾਂ ਤਾਂ ਚੰਗਾ ਹੈ
ਇਸ ਤਰ੍ਹਾਂ ਜ਼ਿੰਦਗੀ ਦੇ ਢਾਹੇ ਹੇਠ
ਕਿੰਨਾ ਕੁ ਚਿਰ ਜੀਵਾਂਗਾ
ਮੇਰੇ ਲਈ ਔਖਾ ਹੈ
ਧੂੱਨੀ ਚੋਂ ਕਸਤੂਰੀ ਪੈਦਾ ਕਰਨੀ
ਜਦ ਖੁਸ਼ਬੂ ਦੇ ਹੀ ਅਰਥ ਬਦਲੇ ਹਨ

----

## ਹਲੂਣਾ

ਕਈ ਵਰ੍ਹਿਆਂ ਪਿਛੋਂ
ਉੱਗੀਆਂ ਕਾਲੀਆਂ ਬਾਹਾਂ
ਤੇ ਰੇਸ਼ਮੀ ਪਿੰਡੇ ਦਾ ਮੋਇਆ
ਅਹਿਸਾਸ
ਹਾਏ ਖ਼ੁਦਕੁਸ਼ੀ ਬੁਜ਼ਦਿਲੀ
ਅਸੀਂ ਤਾਂ ਜ਼ਿੰਦਗੀ ਨੂੰ
ਸੱਚ ਤੋਂ ਬਹੁਤ ਦੂਰ ਲੈ ਗਏ

-0-

ਹੱਸ ਹੱਸ ਕੇ ਰੀਂਗੇ
ਜਾਂ ਕੁੱਝ ਜੋਤਸ਼ਿਆਨਾ
ਕਵਿਤਾਵਾਂ ਲਿਖਦੇ ਰਹੇ
ਕਰਨਾ ਪਏਗਾ
ਦੀ ਮੁਹਾਰਨੀ ਪੜ੍ਹਦੇ ਰਹੇ
ਅੱਜ ਜਦ ਸਾਡੇ ਪਿੰਡੇ ਚੋਂ
ਉੱਗੀਆਂ ਕਾਲੀਆਂ ਬਾਹਾਂ
ਤਾਂ ਸਾਨੂੰ ਆਪਣੇ ਲਹੂ ਚੋਂ
ਖੁਸ਼ਬੂ ਦੀ ਥਾਂ ਬੋ ਆਉਂਦੀ ਹੈ

-0-

ਆਪਣੇ ਪਿੰਡੇ ਤੇ ਲੱਗੇ ਨਸਤਰ ਜਾਂ
ਕੀੜਿਆਂ ਦੇ ਭੌਣ ਤੇ ਪਿਆ ਕੋਈ
ਆਪਣੇ ਖਿਲਾਫ਼ ਚੱਲਣ ਵਾਲਿਆਂ ਦੇ
ਹੱਥੀਂ ਬਿਜਲੀ ਦੀਆਂ ਨੰਗੀਆਂ ਤਾਰਾਂ
ਜੋ ਰੀਂਗਣਾਂ ਨਹੀਂ ਚਾਹੁੰਦੇ
ਕੁੱਤੇ ਦੀ ਮੌਤ ਮਾਰੇ ਜਾਂਦੇ ਹਨ

-0-

ਅਸ਼ੀਂ
ਤੁਸੀਂ ਆਪਣੇ ਗਲਾਂ 'ਚ
ਕਮੇਟੀ ਘਰ ਦੇ ਟੋਕਨ ਪਾ ਕੇ
ਤੁਰੇ ਫਿਰਦੇ ਹਾਂ
ਖ਼ੁਸ਼ ਹਾਂ
ਕਿ ਸਾਹਿਬ ਦੇ ਕੁੱਤੇ ਲਈ
ਦੁੱਧ ਲੈਣ ਚਲੇ ਹਾਂ
ਤੇ ਆਪ ਹੀ
ਕਿਸੇ ਅਲੀਸ਼ੈਸ਼ਨ ਕੁੱਤੇ ਨੂੰ
ਆਪਣੇ ਪਿਓ ਵਰਗਾ ਕਹਿ ਕੇ
ਮੁਸਕਰਾਉਂਦੇ ਹਾਂ

–0–

ਮੈਨੂੰ ਯਾਦ ਹੈ
ਮੈਂ ਇਕ ਕੁੱਤੇ ਨੂੰ
ਆਪਣੇ ਪਿਓ ਵਰਗਾ ਕਿਹਾ ਸੀ
ਤੇ ਉਸ ਨੇ ਕੰਨ ਖੜ੍ਹੇ ਕਰਨ ਦਾ
ਮੈਨੂੰ ਵੱਲ ਦੱਸ ਦਿੱਤਾ
ਮੈਂ ਹੁਣ ਜਦ ਕਦੀ ਵੀ ਭੌਂਕਦਾ ਹਾਂ
ਤਾਂ ਭੌਂਕਦਾ ਹਾਂ
ਖ਼ੁਦਕੁਸ਼ੀ ਬੁਜ਼ਦਿਲੀ

––––

## ਲਹੂ-ਹਰਣ

ਮੈਂ ਧੁੱਨੀ ਦੇ ਸਫ਼ਰ ਦਾ
ਸਤਿਮਾਇਆਂ ਟੋਟਾ
ਇਤਿਹਾਸ ਦੀ ਮੁਹਾਰਣੀ ਦਾ
ਸਤਿਮਾਇਆਂ ਅੱਖਰ
ਆਪਣੀ ਮਾਂ ਸਾਵੇਂ
ਨੰਗਾ ਹੋਣਾ ਲੋਚਦਾ ਹਾਂ

-0-

ਕਿ ਮੇਰੀ ਹੋਂਦ ਦਾ ਹਰ ਜ਼ਰ੍ਹਾ
ਮੇਰੀ ਮਾਂ ਦੀ ਨਜ਼ਰ ਬਣੇ
ਤੇ ਮੇਰੇ ਪਿਓ ਦਾ ਲਹੂ
ਹਰ ਖੇਤ ਵਿਚ ਉੱਗੇ

-0-

ਮੈਂ ਆਪਣੇ ਹਾਣ ਦੀ ਪੀੜ੍ਹੀ ਨੂੰ
ਲਹੂ-ਹਰਣ ਦਾ ਵੱਲ ਦੱਸਾਂਗਾ
ਮੇਰੀ ਮਾਂ ਅੱਖ੍ਹਾਂ ਤੇ ਪੱਟੀ ਨਹੀਂ ਬੰਨ੍ਹੇਗੀ
ਸਗੋਂ
ਆਪਣੀਆਂ ਨੰਗੀਆਂ ਤਸਵੀਰਾਂ
ਖੇਤਾਂ 'ਚ ਉੱਗੇ ਅੱਖਰਾਂ ਨੂੰ ਦੱਸੇਗੀ

-0-

ਹਿੱਕ ਤੇ ਸਦੀਆਂ ਤੋਂ ਸੁੱਤੇ
ਜ਼ਹਿਰੀਲੇ ਸੱਪ ਦਾ ਵੀਰਜ
ਫਿਰ ਧੁੱਨੀ ਦੇ ਸਫ਼ਰ ਦੀ ਗੱਲ ਛੇੜੇਗਾ
ਮੇਰੀ ਮਾਂ ਦੇ ਜਿਸਮ ਚੋਂ ਉੱਗੇ ਹੱਥ
ਲਹੂ-ਹਰਣ ਜ਼ਿੰਦਾਬਾਦ ਕਹਿ ਕੇ ਨਿਕਲਣਗੇ
ਲਹੂ-ਹਰਣ ਜ਼ਿੰਦਾਬਾਦ ਕਹਿ ਕੇ ਨਿਕਲਣਗੇ

-----

## ਇਕ ਪੱਤਰ

ਹੁਣ ਅਸਮਾਨ
ਗਿਰਝਾਂ ਦਾ ਹੋ ਗਿਆ ਹੈ
ਮੈਂ ਚਾਹੁੰਦੀ ਹਾਂ
ਤੂੰ ਤ੍ਰਬਕ ਕੇ ਉੱਠੇਂ
ਪਰ ਸ਼ਾਇਦ
ਮੇਰੀ ਮਣੀ 'ਚ ਹੁਣ ਜ਼ਹਿਰ ਨਹੀਂ ਰਿਹਾ
ਨਾ ਬੁੱਲ੍ਹਾਂ 'ਚ
ਕੰਡੇ ਲੂਹ ਦੇਣ ਵਾਲੀ ਗਰਮਾਇਸ਼
ਨਾ ਅੰਗਾਂ 'ਚ ਤਾਅ
ਹੁਣ ਤਾਂ ਕਿਸੇ ਨੂੰ ਡੰਗਿਆਂ
ਵਿਸ ਆਪਣੇ ਆਪ ਨੂੰ ਚੜ੍ਹਦੀ

-0-

ਉਸ ਰਾਤ ਤੋਂ ਵੀ ਵੱਧ
ਸਿਆਹ ਰਾਤਾਂ ਦਾ ਜ਼ਿਕਰ
ਤੂੰ ਸੁਣਿਆ ਨਹੀਂ ਤੂੰ ਪੜ੍ਹਿਆ ਨਹੀਂ
ਨਾ ਹੀ
ਇਤਿਹਾਸ ਦੇ ਉਸ ਪੰਨੇ ਤੇ ਨਜ਼ਰ ਫੇਰੀ ਹੈ
ਜੋ ਲਿਬੜਿਆ ਹੈ
ਲਾਸ਼ਾਂ ਸੰਗ ਕੀਤੇ ਮੁਰਦਿਆਂ ਦੇ ਭੋਗ ਵੀਰਜ ਨਾਲ

-0-

ਤੇਰੇ ਵਿਚਲਾ
ਕੁੱਝ ਮੇਰੇ ਵਰਗਾ ਸ਼ਾਇਦ ਮਰ ਗਿਆ ਹੈ
ਕਿ ਤੈਨੂੰ
ਉਸ ਸੱਪ ਦਾ ਜ਼ਹਿਰ ਨਹੀਂ ਚੜ੍ਹਦਾ
ਜੋ ਮੈਨੂੰ ਰੋਜ਼ ਡੰਗਦਾ ਹੈ

-----

## ਆਪਣੇ ਨਾਂਅ

ਤੁਸੀਂ ਜੋ ਖੰਭ ਖੁਸੇ ਪੰਛੀ ਨੂੰ
ਉੱਡਾਰੀ ਦਾ ਮੇਹਣਾ ਮਾਰਦੇ ਹੋ
ਇਕ ਪਾਪ ਨੂੰ ਜਨਮ ਦਿੰਦੇ ਹੋ
ਤੁਹਾਡੇ ਪੁੰਨ
ਪਾਪ ਤੋਂ ਵੱਧ ਵੀ ਕੁੱਝ ਹੋਰ ਹਨ
ਸਾਡੇ ਪੁੰਨ
ਪਾਪ ਤੋਂ ਵੱਧ ਕੁੱਝ ਨਹੀਂ

-0-

ਅਸੀਂ
ਤਾਂ ਅਗਲਾ ਕਦਮ ਨਹੀਂ ਪੁੱਟਦੇ
ਕਿ ਦੁੱਖਦੀ ਧਰਤੀ
ਕਿਤੇ ਪੁੱਛ ਨਾ ਬੈਠੇ
ਕਿਸੇ ਪੁੰਨ ਦਾ ਰਿਸ਼ਤਾ
ਕਿਸੇ ਪਾਪ ਦਾ ਰਿਸ਼ਤਾ

-0-

ਫਿਰ ਵੀ ਤੁਹਾਡੇ ਪਿੰਡ ਦੇ ਤਲਾਅ 'ਚ
ਜਿਹੜਾ ਕੰਵਲ ਉੱਗਿਆ ਹੈ
ਉਹ ਸਾਡੇ ਪਾਪ ਵਰਗਾ ਹੈ
ਤੁਹਾਡੇ ਪੁੰਨ ਵਰਗਾ ਹੈ

-0-

ਤੁਹਾਡੇ ਪਿੰਡ ਦੀ
ਹਰ ਨਵੀਂ ਕੰਧ ਜੋ ਤਿੜਕ ਜਾਂਦੀ ਹੈ
ਤਲਾਅ ਰਿੜਕ ਜਾਂਦੀ ਹੈ
ਫਿਰ ਮੰਨਣਾ ਹੀ ਪੈਂਦਾ ਹੈ
ਤੁਸੀਂ ਕੋਈ ਪੁੰਨ ਨਹੀਂ ਕਰਦੇ
ਤੁਸੀਂ ਕੋਈ ਪਾਪ ਨਹੀਂ ਕਰਦੇ

ਤੁਸੀਂ
ਹਰ ਕੰਧ ਦੇ ਮੂੰਹ ਤੇ
ਪੋਚਾ ਫੇਰ ਦਿੰਦੇ ਸਉ
ਹੁਣ ਜਦ ਲੋਅ ਲਹਿੰਦੇ ਹਨ
ਤਾਂ ਪਹਿਚਾਣ ਹੁੰਦੀ ਹੈ
ਸ਼ੀਸ਼ਾ ਤਿੜਕਦਾ ਦਿਸਦੈ
ਮੁੱਠ 'ਚ ਜਾਨ ਹੁੰਦੀ ਹੈ
ਕੋਈ ਨੁਕਤਾ ਲੱਭਣ ਲਈ
ਫਿਰ ਇਕ ਪਾਪ ਜਨਮਦੇ ਹੋ
ਉਸ ਸੱਚ ਦਾ ਕਤਲ ਕਰਦੇ ਹੋ
ਆਪਣੀ ਹਿੱਕ ਤੇ
ਉਸ ਕੰਵਲ ਦੀਆਂ ਪੱਤੀਆਂ
ਜੋ ਮੁੱਕੀਆਂ ਮਾਰ ਭੰਨਦੇ ਹੋ

-0-

ਤੁਹਾਡਾ ਤੁਜ਼ਰਬਾ ਸੀ
ਵਕਤ ਰੁੱਕ ਰੁੱਕ ਕੇ ਚਲਦਾ ਹੈ
ਅਸੀਂ ਵੀ ਆਖ ਦਿੰਦੇ ਹਾਂ
ਖੜਾ ਪਾਣੀ ਕੀ ਕੰਢੇ ਖੋਰ ਸਕਦਾ ਹੈ

-0-

ਤੁਸੀਂ ਜੋ ਖੰਭ ਖੁਸੇ ਪੰਛੀ ਨੂੰ
ਉੱਡਾਰੀ ਦਾ ਮੇਹਣਾ ਮਾਰਦੇ ਹੋ
ਇਕ ਪਾਪ ਨੂੰ ਜਨਮ ਦਿੰਦੇ ਹੋ

-----

# ਇਕ ਪਲ ਮੌਤ ਦਾ

ਆਦਮੀ
ਆਦਮੀਅਤ ਦੇ ਬੀਜ ਬੀਜੇਗਾ
ਇਹ ਕਾਲੀਆਂ ਤੋਂ
ਸੁਨਹਿਰੀ ਹੋਈਆਂ ਲਕੀਰਾਂ ਦੇ
ਚਿੰਨ੍ਹਆਤਮਕ ਆਨੂਰ ਦੱਸਦੇ ਹਨ
ਵੀਹਵੀਂ ਸਦੀ
ਕਾਲੇ ਰੰਗ ਦੇ ਅੱਖਰ
ਸੁਨਹਿਰੀ ਰੰਗ ਦੀਆਂ ਸੜਕਾਂ 'ਤੇ
ਕਤਲ ਹੁੰਦੇ ਹਨ

-0-

ਹਰ ਪਲ ਚੋਂ
ਵਿਤਕਰੇ ਦੀ ਬੋਅ ਆਉਂਦੀ ਹੈ
ਦੇਰ ਸਤਰਨ* (ਪੱਛਮੀ ਜਰਮਨ ਦਾ ਅਖ਼ਬਾਰ)
ਹਰ ਬਰਟ ਆਟੋ** (ਇਕ ਸਮਾਜਕ ਵਿਗਿਆਨੀ)
ਦਾ ਮੂੰਹ ਟੱਡਿਆ ਹੀ ਰਹਿ ਜਾਂਦੈ
ਜਦੋਂ ਕੋਈ
ਚਿੱਟੇ ਰੰਗ ਦਾ ਖਿਡਾਉਣਾ
ਸਕਰੀਨ ਤੇ ਤੇਰਾਂ ਹਜ਼ਾਰ
ਕਾਲੇ ਰੰਗ ਦੇ ਖਿਡਾਉਣੇ
ਪਲਾਂ ਵਿਚ ਤਿੜਕੇ ਤੱਕਦੈ

-0-

ਕਲਾ
ਧਰਤ ਤੋਂ ਅਕਾਸ਼
ਜਿੱਤੀ ਬਾਂਹ ਉਸਾਰੀ ਹੋਕਮ ਦਿੰਦੀ
ਮਿਉਂਦਾ
ਜਿਸਦੇ ਸੀਨੇ 'ਚ ਨਹੀਂ ਜ਼ਿੰਦਗੀ ਦਾ ਸਾਹ
ਜੈ ਮਨੁੱਖ ਜੈ ਮਾਨਵਤਾ
ਚੰਨ ਦੇ ਮੱਥੇ ਦਾ ਦਾਗ਼
ਅਣਥੱਕ ਮਨੁੱਖ ਨੇ ਮੇਟ ਦਿੱਤਾ ਹੈ

----

## ਚੇਤਨਾ

ਧੁੱਪ ਦੇ ਖਿੜੇ ਮੱਥੇ ਤੇ
ਕਲਮ ਦੀ ਨੋਕ ਰੱਖੀ ਹੈ
ਸਦੀਆਂ ਤੋਂ ਸੁੱਤਾ ਇਤਿਹਾਸ
ਬੁੜਾਅ ਕੇ ਉੱਠਿਆ ਹੈ

-0-

ਕਿਸ ਨੇ
ਦੋ ਤੱਕਲੇ ਮੇਰੀਆਂ ਅੱਖ੍ਹਾਂ 'ਚ ਖੋਭੇ ਹਨ
ਤੇ ਮੇਰੀ ਕੰਡ ਤੇ
ਗੁਠਾਲੀ 'ਚ ਢਲਿਆ ਲੋਹਾ ਸੀਤ ਕੀਤਾ ਹੈ

-0-

ਉਹ ਬੇਹੋਂਦੇ ਜਿਹੇ ਬੰਦਿਓ
ਮਸਲਾ ਇਹ ਨਹੀਂ
ਕਿ ਮੇਰੇ 'ਚੋਂ ਮੇਰੀ ਹੋਂਦ ਨੂੰ ਕੱਢੋ
ਮਸਲਾ ਹੈ
ਮੇਰੀ ਹੋਂਦ ਵਿਚ ਆਓ
ਮੇਰੀ ਉਸ ਮਸਤਕੀ ਅੱਖ੍ਹ ਨੂੰ
ਤੱਕੋ ਅੱਖ੍ਹਾਂ ਨਾਲ
ਜੋ ਸੁਕਰਾਤ, ਅਫ਼ਲਾਤੂਨ, ਅਰਸਤੂ
ਦੀ ਅੱਖ੍ਹ ਹੈ
ਠੀਕ ਹੈ
ਜੇ ਈਸਾ, ਬੁੱਧ, ਨਾਨਕ ਦੀਆਂ ਅੱਖ੍ਹਾਂ 'ਚ
ਅੱਖ੍ਹਾਂ ਪਾ ਕੇ ਤੱਕੋਗੇ
ਤਾਂ ਅਹਿਸਾਸ ਉੱਗੇਗਾ
ਕਾਤਲ ਹੋ! ਕਾਤਲ ਹੋ!!

----

# ਇਤਿਹਾਸ

ਉਹ ਜੋ ਬਿੰਬ
ਕਦੀ ਸੀ ਬਣਿਆ
ਥਲਾਂ ਦੀਆਂ ਸੇਜਾਂ ਦੇ ਉੱਤੇ
ਖਾ ਗਈ
ਜਿਸਨੂੰ ਸੂਰਜ ਦੀ ਗਰਮੀਂ
ਅੱਜ ਉਸਦੇ ਨਿਸ਼ਾਨ ਮਿਲੇ ਹਨ
ਖ਼ੁਦਕੁਸ਼ੀ ਦੀ ਨੀਂਦਰ ਸੁੱਤੇ
ਇਸ ਧਰਤੀ ਦੇ ਅੰਬਰ ਹੇਠਾਂ
ਕੁੱਝ ਗਰਭਵਤੀ ਅਰਮਾਨ ਮਿਲੇ ਹਨ

–0–

ਮੈਂ ਵੀ ਉਹਨਾਂ ਨੂੰ ਤੱਕਿਆ ਹੈ
ਤੱਕਦਾ ਤੱਕਦਾ ਸੌਂ ਜਾਂਦਾ ਹਾਂ
ਮੈਂ ਸੂਤਕ ਦੀ ਰੁੱਤ ਅੰਦਰ
ਆਪਣੀ ਮਾਂ ਤੋਂ ਵਿਛੜਦਾ ਹਾਂ
ਤਾਂ ਮੇਰੀ ਮਾਂ
ਮਾਰ ਦੁਹੱਥੜਾ ਰੋਂਦੀ ਹੈ ਸਿਕੰਦਰ ਤਾਈਂ
ਫਿਰ ਅੱਖੀਆਂ ਚੋਂ ਰੱਤ ਕਿਰਦੀ
ਫਿਰ ਧਰਤੀ ਤਰ੍ਹ ਜਾਂਦੀ ਹੈ
ਤਾਂ ਫਿਰ ਮੇਰੇ ਪੋਤੜਿਆਂ ਦੀ
ਹਰ ਰੁੱਤ 'ਚ ਖਿੱਲਰ ਬੂਅ ਜਾਂਦੀ ਹੈ

–0–

ਧਰਤੀ ਦੀ ਹਿੱਕ ਉਤੇ
ਡਿੱਠਾ ਹੈ ਅੰਬਰ ਦਾ ਸਾਇਆ
ਜਿਸ ਨਾਲ ਗੁਰਬਤ ਵਰ੍ਹੀ ਹੋਈ ਹੈ
ਜਿਸ ਦੀ ਗਰਮੀ ਦੇ ਤਾਅ ਹੇਠਾਂ
ਵਿਧਵਾ ਧਰਤੀ ਠਰੀ ਹੋਈ ਹੈ

ਜਿਸਨੂੰ ਸੂਰਜ ਵੀ ਸਿੰਝ ਜਾਂਦੈ
ਜਿਸਦਾ ਚੰਨ ਵੀ ਅਭੀਲਾਸ਼ੀ ਹੈ
ਜਿਸਦੇ ਦੂਧੀਆ ਪਿੰਡੇ ਉੱਤੇ
ਕੁੱਝ ਸਾਲਾਂ ਦੀਆਂ ਲਾਸ਼ਾਂ ਹਨ
ਜਿਸਦੀ ਧੜਕਣ ਵੇਸਵਾ ਵਾਂਗੂੰ
ਅੱਜ ਸੱਜਰੀ ਹੈ ਕੱਲ੍ਹ ਬਾਸੀ ਹੈ

–0–

ਕਲਾਕਾਰ ਦੇ ਨਕਸ਼ਾਂ ਵਿਚੋਂ
ਕੁਝ ਨੁੱਚੜੇ ਹੋਏ ਗੀਤ ਮਿਲੇ ਹਨ
ਗੀਤਾਂ ਦੇ ਬੁਲ੍ਹਾਂ ਉੱਤੇ
ਮਿੱਠੇ ਜਿਹੇ ਜ਼ਹਿਰ ਦੀ ਭਾ ਹੈ
ਗੀਤਾਂ ਦੀ ਆਸ਼ਾ ਦੀ ਹਿੱਕ ਤੇ
ਚਾਅ ਕੁਆਰੇ ਸੀਤ ਮਿਲੇ ਹਨ

–0–

ਜ਼ਿੰਦਗੀ ਦਾ ਸ਼ੀਸ਼ਾ ਵੀ ਮਿਲਿਐ
ਜਿਸਦੇ ਪੁੱਠੇ ਪਾਸੇ
ਦੋ ਕੋਰੇ ਜਿਹੇ ਹਰਫ਼ ਲਿਖੇ ਹਨ
ਕੀ ਕੱਲ੍ਹ
ਅੱਜ ਦਾ ਇਤਿਹਾਸ ਨਹੀਂ ਹੈ
ਕੀ ਕੱਲ੍ਹ
ਅੱਜ ਦਾ ਇਤਿਹਾਸ ਨਹੀਂ ਹੈ

----

## ਓਪਰਾ ਘਰ

ਤੂੰ ਉਸ ਨੂਰ 'ਚ ਮਿਲ ਗਈ
ਜਿਸ ਨੂਰ ਦਾ ਮੈਂ ਬਣਿਆ ਹਾਂ
ਇਸ ਬ੍ਰਹਿਮੰਡ 'ਚ
ਮੈਂ ਤੈਨੂੰ ਭਾਲਦਾ ਭਾਲਦਾ
ਓਪਰੇ-ਘਰ ਆ ਗਿਆ ਹਾਂ

-0-

ਮੈਂ ਵੀ ਅੱਜ
ਤੇਰੇ ਵਾਂਗੂੰ ਲਿਬਾਸ ਬਦਲਿਆ ਹੈ
ਥਲਾਂ ਤੇ ਅੱਜ ਵੀ
ਤੇਰੇ ਕਦਮਾਂ ਦੇ ਨਿਸ਼ਾਨ ਹਨ
ਮੈਂ ਤੇਰੇ ਕਦਮਾਂ ਤੇ ਚਲਦਾ ਆ ਰਿਹਾ ਹਾਂ
ਧਰਤੀ ਤੇ ਅਕਾਸ਼
ਤੇਰੇ ਅਕਾਰ ਵਿਚ ਹਨ
ਤੂੰ ਨਿਰਾਕਾਰ ਹੈ

-0-

ਮੈਂ ਮੈਂ ਨਹੀਂ
ਤੂੰ ਤੂੰ ਨਹੀਂ ਨੂਰ ਹੀ ਨੂਰ ਹੈਂ
ਹਰ ਜ਼ਰਾ ਤੇਰੇ ਨੂਰ ਤੋਂ ਪ੍ਰਕਾਸ਼ਤ ਹੈ
ਤੂੰ ਮਨੁੱਖ ਨੂੰ
ਹਰ ਪਾਸਿਓਂ ਘੇਰ ਰੱਖਿਆ ਹੈ
ਤੂੰ ਆਪਣੀ ਹੋਂਦ ਦੱਸਣ ਤੋਂ
ਕਦੇ ਵੀ ਨਾਂਹ ਨਹੀਂ ਕੀਤੀ
ਤੂੰ ਸਾਫ਼ ਦਿੱਸਦਾ ਹੈਂ
ਬੜਾ ਉੱਜਲ, ਬੜਾ ਦਿਆਲੂ

ਬੜਾ ਪਿਆਰਾ, ਬੜਾ ਗੋਰਾ, ਬੜਾ ਸ਼ੀਤਲ
ਇਸ ਓਪਰੇ-ਘਰ ਵਿਚ ਤੇਰਾ ਹੀ ਵਾਸਾ ਹੈ

-0-

ਉਪਰਾ ਘਰ ਕੀ ਹੰਦਾ ਹੈ
ਮੈਨੂੰ ਪਤਾ ਨਹੀਂ
ਮੈਂ ਸਮਝਦਾ ਹਾਂ
ਮੇਰੇ ਸਿਵਾ ਇਸ ਬ੍ਰਹਿਮੰਡ 'ਚ ਕੁੱਝ ਨਹੀਂ
ਮੈਂ ਇਕ ਨੂਰ ਹਾਂ
ਸਰਬ-ਵਿਆਪਕ, ਕਰਤਾ, ਨਿਰਭਓ
ਨਿਰਵੈਰ
ਮੌਤ ਮੇਰੀ ਗ਼ੁਲਾਮ ਹੈ
ਮੈਂ ਆਪਣੇ ਆਪ ਤੋਂ ਰੌਸ਼ਨ ਹਾਂ
ਮੈਂ ਸੱਚ ਹਾਂ ਆਦਿ ਤੋਂ
ਸਚਾਈ ਅਟੱਲ ਹੈ
ਉਪਰਾ-ਘਰ ਮੇਰਾ ਹੈ
ਮੈਂ ਹਾਂ ਸਰਵ-ਸ਼ਕਤੀਮਾਨ
ਕੁਦਰਤ ਮੇਰਾ ਨੂਰ ਹੈ

-0-

ਈਸਾ ਦੀਆਂ ਤਲੀਆਂ 'ਚ
ਮੇਰਾ ਨੂਰ ਸੀ
ਈਸਾ ਦੇ ਲਹੂ 'ਚ ਮੇਰਾ ਲਹੂ ਸੀ
ਅੱਜ ਵੀ ਈਸਾ ਧਰਤੀ ਹੈ
ਤਲੀਆਂ ਦੀਆਂ ਗੱਲਾਂ ਕਰਦਾ

----

## ਭਰਮ

ਵੇਸਵਾ ਜਿਹੀ ਸੜਕ ਤੇ
ਲੰਬਾ ਜਿਹਾ ਸਾ਼ਇਆ
ਜਦੋਂ ਤੱਕਾਂ
ਉਹ ਆਪਣਾ ਆਪ ਕੁੰਜ ਲੈਂਦੇ
ਤੇ ਮੈਨੂੰ ਇੰਞ ਲੱਗਦਾ ਹੈ
ਕਿ ਮੈਂ ਜਵਾਨ ਲੱਗਦਾ ਹਾਂ
ਮੇਰੇ ਗਰਮ ਲਹੂ ਸੰਗ
ਕੌਣ ਖੇਡੇਗਾ
ਕੌਣ ਹੰਢਾਏਗਾ
ਛਿੰਨ ਭਰ ਦੀ ਖ਼ੁਸ਼ੀ ਲਈ
ਦਰਦ ਉਮਰ ਦਾ

–0–

ਕਈ ਵਾਰੀ
ਸਰਦਲ ਤੇ ਖੜਾ
ਮੈਂ ਇਹ ਦੇਖਦਾ ਰਹਿੰਦਾ
ਕੋਈ ਤੱਕੇ ਤਾਂ ਪੁੱਛਾਂ
ਇਹ ਘਰ਼ ਮੇਰਾ ਹੀ ਹੈ
ਕਈ ਵਾਰੀ
ਮੈਂ ਆਪਣੇ ਘਰ ਹੁੰਦਿਆਂ ਸੁੰਦਿਆਂ
ਗੁਆਚ ਜਾਂਦਾ ਹਾਂ

–0–

ਕਿਸੇ ਦੀ
ਕਾਸ਼ਨੀ ਚੁੰਨੀ ਚੋਂ
ਕਿਸੇ ਨੂੰ ਟੋਲਦਾ ਹੋਇਆ
ਹਿਮਾਲਿਆ ਦੀ ਉੱਚਾਈ ਤਕ ਚਲਾ ਜਾਣਾ
ਅਚੰਭਾ ਹੈ ਕਿ ਡਿੱਗ ਕੇ ਵੀ

ਅਜੇ ਤੱਕ ਚੂਰ ਨਹੀਂ ਹੋਇਆ
ਇਹ ਕੋਰਾ ਸੱਚ ਹੈ
ਸੜਕ ਦੇ ਅੰਗ ਚੂਰ ਹੋ ਕੇ ਵੀ
ਕਿਸੇ ਨੂੰ ਨਾਂਹ ਨਹੀਂ ਕਰਦੇ
ਕਿਸੇ ਨੂੰ ਨਾਂਹ ਨਹੀਂ ਕਰਦੇ

-0-

ਕਾਸ਼
ਘਰ ਦਾ ਪਤਾ ਹੁੰਦਾ
ਘਰ ਹੀ ਚਲਾ ਜਾਂਦਾ
ਮੈਂ ਆਪਣੇ ਘਰ ਦਾ ਰਾਹ
ਆਪਣੇ ਘਰੋਂ ਹੀ ਪੁੱਛ ਲੈਂਦਾ

-0-

ਵੇਸਵਾ
ਜਿਹੀ ਸੜਕ ਤੇ ਲੰਬਾ ਜਿਹਾ ਸਾਇਆ
ਜਦੋਂ ਤੱਕਾਂ
ਉਹ ਆਪਣਾ ਆਪ ਕੁੰਜ ਲੈਂਦੇ
ਤੇ ਮੈਨੂੰ ਇੰਞ ਲੱਗਦਾ ਹੈ
ਕਿ ਮੈਂ ਜਵਾਨ ਲੱਗਦਾ ਹਾਂ

----

# ਵਾਸਨਾ

ਮੈਂ ਜੋ ਨੰਗੇ ਪੈਰੀਂ
ਵਾਸਨਾ ਦੇ ਰਾਹ ਤੇ ਤੁਰਿਆ ਹਾਂ
ਰਾਤ ਲੂਹੀ ਹੈ ਇਕ ਉਮਰ ਪਿਛੋਂ
ਹਰ ਰਾਤ ਦੇ ਹੀ ਸੰਗ ਸੁੱਤਾ ਹਾਂ
ਰਾਤ ਦੀ ਕੁੱਖੇ
ਜੋ ਕੱਖ ਧੁੱਖਦੇ ਨੇ
ਉਹ ਮੇਰੇ ਹੱਡ ਧੁੱਖਦੇ ਨੇ
ਉਹ ਮੇਰੇ ਹੱਡ ਧੁੱਖਦੇ ਨੇ

-0-

ਜ਼ਿੰਦਗੀ ਨੂੰ ਸਮਝਣਾ
ਆਪਣੀ ਹੋਂਦ ਜਾਣ ਕੇ
ਭੁੱਲਣ ਦੀ ਪ੍ਰਤਿੱਭਾ ਹੈ
ਧਰਤੀ
ਅੱਧ ਜੰਮੇ ਬੱਚੇ ਜਦੋਂ ਪੁੱਛਿਆ
ਪੱਥਰ ਦੇ ਬੁੱਤਾਂ ਸੰਗ
ਉਸਦਾ ਕੀ ਰਿਸ਼ਤਾ ਹੈ
ਜੋ ਹਰਕਤ ਬਿਨ ਅਧੂਰੇ ਹਨ
ਜੋ ਵਾਸਨਾ ਦੇ ਰਾਹ ਨਹੀਂ ਤੁਰਦੇ

-0-

ਬਜ਼ਾਰਾਂ 'ਚ ਤੋਂ ਸੜਕਾਂ ਤੇ
ਵਿਖਰੇ ਨਕਸ਼ ਸਦੀਆਂ ਤੋਂ
ਅਲਫ਼ ਨੰਗੇ ਜਿਸਮਾਂ ਤੇ
ਸਮੇਂ ਦੇ ਪੈਰ ਲੱਗੇ ਨੇ
ਕਿਵੇਂ ਜਾਣਾ
ਕਿ ਇਹ ਰਾਤ ਉਹੀ ਹੈ

ਜਦੋਂ ਆਪਣੇ ਹੀ ਅੰਗਾਂ ਤੇ ਹੱਥ ਧਰਿਆ
ਦਿਲ ਵਿਚ ਸ਼ੱਕ ਜਿਹਾ ਰਹਿੰਦੈ

-0-

ਉਦੋਂ ਜਦੋਂ
ਤੂੰ ਮੱਘਦੇ ਅੰਗਿਆਰ
ਇਕ ਪੱਤਰ 'ਚ ਭੇਜੇ ਸਨ
ਮੈਂ ਰਾਤ ਸੰਗ ਸੁੱਤਾ
ਰਾਤ ਦੇ ਅੰਗ ਲੂਹੇ ਗਏ
ਰਾਤ ਇਕ ਕਾਮ ਬੱਚੇ ਨੂੰ ਜਨਮ ਦੇ ਕੇ
ਮਰ ਗਈ

-0-

ਮੈਂ ਜੋ ਨੰਗੇ ਪੈਰੀਂ
ਵਾਸਨਾ ਦੇ ਰਾਹ ਤੇ ਤੁਰਿਆ ਹਾਂ
ਰਾਤ ਲੂਹੀ ਹੈ ਇਕ ਉਮਰ ਪਿੱਛੋਂ
ਹਰ ਰਾਤ ਦੇ ਹੀ ਸੰਗ ਸੁੱਤਾ ਹਾਂ
ਰਾਤ ਦੀ ਕੁੱਖੇ
ਜੋ ਕੱਖ ਧੁੱਖਦੇ ਹਨ
ਉਹ ਮੇਰੇ ਹੱਡ ਧੁੱਖਦੇ ਹਨ
ਉਹ ਮੇਰੇ ਹੱਡ ਧੁੱਖਦੇ ਹਨ

----

## ਗਰੀਟਿੰਗ ਕਾਰਡ
(ਇਕ ਸਹਿਪਾਠਨ ਦੇ ਨਾਂ)

ਤੇਰਾ ਗਰੀਟਿੰਗ ਕਾਰਡ
ਆਉਣ ਤੇ
ਰਗਾਂ 'ਚ ਖੁਸ਼ੀ ਦੀ ਲਹਿਰ ਦੌੜੀ ਹੈ
ਅੱਖ੍ਹਾਂ ਚੋਂ ਰੱਤ ਟੱਪਕੀ ਹੈ
ਠਹਿਰੋ
ਸੱਤਾ ਸਮੁੰਦਰਾਂ 'ਚ ਡੁੱਬੀ ਜ਼ਿੰਦਗੀ ਨੇ
ਅਵਾਜ਼ ਮਾਰੀ ਹੈ
ਵਰ੍ਹਿਆਂ ਦੀ ਦੱਬੀ ਅੱਗ ਨੂੰ ਹਵਾ ਲੱਗੀ ਹੈ

-0-

ਮੇਰੇ ਸ਼ਹਿਰ
ਤੇਰੇ ਕਾਰਡ ਵਰਗੇ ਕਾਰਡ ਨਹੀਂ
ਮੇਰੇ ਸ਼ਹਿਰ
ਤੇਰੇ ਸ਼ਹਿਰ ਵਰਗੇ ਲੋਕ ਨਹੀਂ
ਤੇਰੇ ਕਾਰਡ 'ਤੇ ਦੋ ਨੰਗੀਆਂ ਤਸਵੀਰਾਂ
ਜਿਨ੍ਹਾਂ ਦੇ ਕਦਮਾਂ ਹੇਠ ਚੰਨ ਦੀ ਕਾਤਰ ਹੈ
ਮੇਰੇ ਪੈਰਾਂ ਹੇਠ
ਉਹ ਸੜਕ ਹੈ
ਜਿਹਦਾ ਹਰ ਅੰਗ ਦਾਗ਼ੀ ਹੈ
ਜੋ ਭੁੱਖ ਤੋਂ ਸਤ ਕੇ
ਕਈ ਵਾਰੀ
ਸਾਬਤ ਆਦਮੀ ਨਿਗਲਦੀ
ਮੈਂ ਆਪ ਤੱਕੀ ਹੈ

-0-

ਮੈਂ ਤੇਰੀਆਂ
ਸ਼ੁਭ-ਇਛਾਵਾਂ ਦਾ ਹਾਮੀ ਨਹੀਂ
ਮੈਂ ਤਾਂ ਦੋਸਤ ਜੀਣਾ ਨਹੀਂ ਚਾਹੁੰਦਾ

ਕੀ ਜੀਵਾਂ
ਇਸ ਲਾਸ਼ਾਂ ਦੇ ਸ਼ਹਿਰ 'ਚ
ਗਰੀਬੀ ਦੇ ਅੰਬਾਰਾਂ ਤੋਂ ਸਿਵਾ
ਕੁੱਝ ਨਜ਼ਰ ਨਹੀਂ ਆਉਂਦਾ
ਤੇ ਨਾ ਹੀ
ਕੋਈ ਕਿਰਨ ਸਾਥ ਦਿੰਦੀ ਹੈ
ਜਿਸਦੀ ਲੋਅ ਹੇਠਾਂ
ਆਪਾ ਹੀ ਲੈ ਜਾਵਾਂ
ਤੇਰੇ ਕਾਰਡ ਦੇ ਰੰਗਾਂ ਚੋਂ
ਤੇਰੇ ਸ਼ਹਿਰ ਦੇ ਲੋਕਾਂ ਨੂੰ ਤੱਕ ਸਕਾਂ
ਤੇਰੀ ਚੋਣ ਦੀ ਹੀ ਦਾਦ ਦੇ ਸਕਾਂ

-0-

ਤੇਰੇ ਸ਼ਹਿਰ ਨੇ
ਤਾਂ ਇਕ ਈਸਾ ਸੂਲੀ ਚਾੜ੍ਹ ਕੇ
ਦੁਨੀਆਂ ਤੇ ਅਹਿਸਾਨ ਕੀਤਾ ਹੈ
ਅਸੀਂ
ਕਈ ਈਸਾ ਸੂਲੀ ਚਾੜ੍ਹ ਕੇ
ਜੋ ਆਪਣੇ ਸਿਰ ਕਰਜ਼ ਕੀਤਾ ਹੈ
ਉਹਦਾ ਅਹਿਸਾਸ ਨਹੀਂ ਤੈਨੂੰ
ਉਹਦਾ ਅਹਿਸਾਸ ਨਹੀਂ ਤੈਨੂੰ

-0-

ਤੇਰਾ ਗਰੀਟਿੰਗ ਕਾਰਡ ਆਉਣ ਤੇ
ਰਗਾਂ 'ਚ ਖੁਸ਼ੀ ਦੀ ਲਹਿਰ ਦੌੜੀ ਹੈ
ਅੱਖਾਂ ਚੋਂ ਰੱਤ ਟੱਪਕੀ ਹੈ
ਠਹਿਰੋ
ਸੱਤਾਂ ਸਮੁੱਦਰਾਂ 'ਚ
ਡੁੱਬੀ ਜ਼ਿੰਦਗੀ ਨੇ ਆਵਾਜ਼ ਮਾਰੀ ਹੈ
ਵਰ੍ਹਿਆਂ ਦੀ ਦੱਬੀ ਅੱਗ ਨੂੰ ਹਵਾ ਲੱਗੀ ਹੈ

----

## ਝੋਰਾ

ਬੇਮਨਾ
ਜਿਹਾ ਹੋ ਕੇ ਬੈਠਾ ਹਾਂ
ਕਦੀ ਇਸ ਚੁੱਲ੍ਹੇ 'ਚ ਅੱਗ ਬਲਦੀ ਸੀ
ਅੱਗ ਸਾਵੇਂ ਬੈਠੀ
ਅੱਗ ਦਾ ਜ਼ਿਕਰ ਕਰਨਾ
ਆਪਣੀ ਜੀਭ 'ਤੇ
ਮੱਘਦੇ ਅੰਗਿਆਰ ਧਰਨਾ ਹੈ

–0–

ਲਹੂ ਮਾਸ ਦੀ
ਕਦੀ ਕੋਈ ਜੇ ਗੱਲ ਛਿੜਦੀ ਹੈ
ਤਾਂ ਹੱਸਦਾ ਹਾਂ
ਮੇਰੇ ਨਾਂਅ ਤੋਂ ਬੁੱਲ੍ਹ ਨਹੀਂ
ਲਫ਼ਜ਼ ਕੰਬਦੇ ਨੇ
ਮੇਰੇ ਅੰਗਾਂ ਤੇ ਆਦਿ ਤੋਂ ਹੁਣ ਤੱਕ ਦਾ
ਇਤਿਹਾਸ ਉਕਰਿਆ ਤੱਕਣ ਲਈ
ਬਾਹਰੋਂ ਲੋਕ ਆਉਂਦੇ ਨੇ
ਮੇਰੀ ਅੱਗ ਜਿਉਂਦੇ ਨੇ
ਜੀਵਨ ਦਾ ਸੱਚ ਪਾਉਂਦੇ ਨੇ

–0–

ਜਦ ਕੋਈ ਬੱਚਾ
ਸੜਕ ਤੇ ਕਲਯੁੱਗ ਬਣਕੇ ਉੱਗਦਾ ਹੈ
ਤਾਂ ਮੈਂ
ਆਪਣੇ ਘਰ ਦਾ ਬੂਹਾ ਭੀੜ ਲੈਂਦਾ ਹਾਂ
ਹਨ੍ਹੇਰੇ 'ਚ ਆਪਣਾ ਆਪ ਟੋਹਦਾ ਹਾਂ
ਆਪਣੇ ਅੰਗ ਗਿਣਦਾ ਹਾਂ
ਤਾਂ ਰੋਂਦਾ ਹਾਂ
ਮੇਰਾ ਤਾਂ ਕੁੱਝ ਵੀ ਸਾਬਤ ਨਹੀਂ

–0–

ਮੇਰੇ 'ਚ
ਜੋ ਕੁੱਝ ਵੀ ਤੇਰਾ ਹੈ
ਉਹ ਮੋੜਣ ਦਾ ਯਤਨ
ਕਈ ਵਾਰ ਕੀਤਾ ਹੈ
ਪਰ ਹਰ ਵਾਰ ਹੀ
ਕੋਈ ਨਕਸ਼ ਖੁੱਲ੍ਹ ਕੇ ਉਘੜ ਨਾ ਸਕਿਆ
ਹਰ ਵਾਰ
ਮੇਰੇ ਪੈਰਾਂ ਦੇ ਛਾਲੇ
ਅੰਗਿਆਰਿਆਂ ਦੇ ਸੇਕ ਤੇ ਰੋਏ
ਤਾਰਿਆਂ ਦੀ ਠਾਰ ਤੇ ਹੱਸੇ

–0–

ਕੀ ਪਤਾ ਸੀ
ਕਾਫ਼ਲਾ ਤੁਰ ਜਾਣ ਪਿਛੋਂ
ਮੇਰੇ ਵਿਹੜੇ
ਅੱਗ ਦੇ ਬਹਾਨੇ
ਕੋਈ ਫਿਰ ਆਏਗਾ
ਕਾਫ਼ਲੇ ਤਾਂ ਗਰਦ ਛੱਡ ਕੇ
ਤੁਰ ਜਾਂਦੇ ਨੇ ਹਮੇਸ਼ਾ
ਮੈਂ ਤਾਂ ਐਵੇਂ
ਉਮਰ ਦੇ ਟੋਟੇ ਜ਼ਖ਼ਮੀ ਕਰਦਾ ਰਿਹਾ
ਮੈਂ ਤਾਂ ਐਵੇਂ
ਪੌਣ ਰੰਗੀ ਤਿੱਤਲੀਆਂ ਫੜਦਾ ਰਿਹਾ

–0–

ਮੈਂ ਕੁੱਝ ਚਿਰ ਜੀਣਾ ਚਾਹੁੰਦਾ ਹਾਂ
ਮੇਰੇ ਚੋਂ ਸੂਝ ਨਾਂਅ ਦੀ ਚੀਜ਼ ਕੱਢ ਲਵੋ
ਮੈਨੂੰ ਪੱਥਰ ਕਰ ਦੇਵੋ
ਮੇਰੇ ਲਫ਼ਜ਼ਾਂ ਦਾ ਮੁੱਲ ਪਾਓ
ਮੈਨੂੰ ਖਾਮੋਸ਼ ਕਰ ਦੇਵੋ

––––

# ਮੇਰੀ ਕਵਿਤਾ ਮੇਰਾ ਮਨ

ਕਿਵੇਂ ਇਸ ਉਮਰ 'ਚ
ਬਾਲਾਂ ਵਾਲੀਆਂ ਗੱਲਾਂ
ਪਲ ਦੋ ਪਲ ਲਈ ਘਰ ਬਣਾਇਆ
ਤੇ ਫਿਰ ਢਾਇਆ

–0–

ਕਿਵੇਂ ਤੋਤਲੀ ਜ਼ੁਬਾਨ ਤੇ
ਆ ਕੇ ਬਹਿ ਗਿਆ
ਸੈਸਾਂ ਗੁਜ਼ਾਰੇ ਦਾ
ਕੀ ਬਣਿਐ
ਜੇ ਕੋਈ ਪੁੱਛੇ
ਉਸ ਰੇਤ ਦੇ ਘਰ ਉਸਾਰੇ ਦਾ
ਤਾਂ ਕਹਿਣਾ
ਠੀਕ ਹੋਵੇਗਾ
ਖੰਡਰ ਖ਼ੂਬਸੂਰਤ ਨੇ
ਹਾਸਾ ਗੱਲ ਨਹੀਂ ਕੋਈ
ਉਜਾੜਾਂ 'ਚ ਉਜੜਣ ਲਈ
ਵੇਹਲਾ ਪਲ ਨਹੀਂ ਕੋਈ

–0–

ਦਿਲ ਤੇ ਚਾਹੁੰਦਾ ਹੈ
ਕੋਈ ਦਾਗ਼ ਲਾ ਲਵਾਂ
ਫਿਰ ਉਹੀ
ਰੇਤ ਦਾ ਘਰ ਬਣਾ ਲਵਾਂ
ਪਰ ਕੀ ਕਰਾਂ
ਸੈਸਾਂ ਗੁਜ਼ਾਰੇ ਦਾ
ਧਾਹਾਂ ਮਾਰ ਰੋਇਆ ਹੈ
ਤੇ ਮੇਰੀ ਉਮਰ ਦਾ

ਪੌਣਾ ਕੁ ਹਿੱਸਾ ਖਤਮ ਹੋਇਆ ਹੈ
ਕੁੱਝ ਨਹੀਂ ਹੋਇਆ
ਕਿ ਕੁੱਝ ਹੋਇਆ ਹੈ
ਮੈਨੂੰ ਦੱਸੋ
ਮੈਂ ਕਿਹੜਾ ਅੰਗ ਟੋਹਿਆ ਹੈ
ਮੈਂ ਕਿਹੜਾ ਰੰਗ ਟੋਹਿਆ ਹੈ
ਮੈਂ ਕਿਹੜੀ ਗੱਲ ਕੀਤੀ ਹੈ
ਮੈਂ ਕਿਹੜੀ ਅੱਗ ਪੀਤੀ ਹੈ

-0-

ਮੇਰੀ ਕਵਿਤਾ ਦੇ ਜਜ਼ਬੇ
ਇੰਝ ਨਾ ਆ
ਕਿ ਮੈਂ ਤੈਨੂੰ ਉੱਡੀਕ ਨਾ ਸਕਾਂ
ਮੈਂ ਤੇਰੇ ਅੱਖਰਾਂ ਦੀ ਅੱਗ ਨੂੰ
ਸੀਕ ਨਾ ਸਕਾਂ
ਤੂੰ ਕੀ ਜਾਣੇ
ਤੇਰੇ ਜਾਣ ਪਿੱਛੋਂ
ਕਿੰਨਾ ਕੁ ਚਿਰ
ਮੈਂ ਆਪਣੇ ਵਿਚ ਨਹੀਂ ਹੁੰਦਾ
ਮੈਂ ਆਪਣਾ ਸਿਰ ਤੱਕਦਾ ਹਾਂ
ਤਾਂ ਮੇਰੇ ਪੈਰ ਨਹੀਂ ਹੁੰਦੇ
ਮੈਂ ਆਪਣੇ ਪੈਰ ਤੱਕਦਾ ਹਾਂ
ਤਾਂ ਮੇਰਾ ਸਿਰ ਨਹੀਂ ਹੁੰਦਾ

-0-

ਇਧਰ
ਉਮਰ ਦਾ ਘਾਟਾ
ਕੁੱਝ ਜਰਨਾ ਔਖਾ ਹੈ

ਉਧਰ ਤੇਰੇ ਗਿਆਂ ਨੂੰ
ਚਿਰ ਨਹੀਂ ਹੁੰਦਾ
ਓ ਮੇਰੇ ਬਚਪਨ ਦੇ ਖਿਆਲ
ਆਪਦੇ ਘਰ ਇੰਝ ਆਉਣਾ
ਇੰਝ ਜਾਣਾ
ਪਤਾ ਨਹੀਂ
ਤੈਨੂੰ ਸ਼ੋਭਦਾ ਹੈ ਕਿਸ ਤਰ੍ਹਾਂ
ਛੱਡ ਖਚਪਨ ਦੀ ਗੱਲ
ਬਚਪਨ ਪਿੱਛੇ ਰਹਿ ਗਿਆ
ਉਸ ਰੇਤ ਦਾਂ
ਸਭ ਕੁੱਝ ਖਿਲਰਿਆ ਹੀ ਰਹਿ ਗਿਆ
ਓ ਮੇਰੀ ਕਵਿਤਾ ਦੇ ਡੂੰਘੇ ਵਹਿਣ
ਤੇਰੇ ਵੇਗ 'ਚ
ਵਹਿ ਗਿਆ
ਸਭ ਕੁੱਝ ਹੀ ਮੇਰਾ ਵਹਿ ਗਿਆ

-0-

ਕਿਵੇਂ ਇਸ ਉਮਰ 'ਚ
ਬਾਲਾਂ ਵਾਲੀਆਂ ਗੱਲਾਂ
ਪਲ ਦੋ ਪਲ ਲਈ ਘਰ ਬਣਾਇਆ
ਤੇ ਫਿਰ ਢਾਇਆ

----

# ਅੰਨ੍ਹੀਆਂ ਅੱਖਾਂ ਅੰਨ੍ਹਾ ਸ਼ਹਿਰ

ਸ਼ਹਿਰ ਤੇਰੇ 'ਚ
ਮੇਰੇ ਵਰਗਾ ਕੋਈ ਚਿੰਨ੍ਹ ਨਹੀਂ ਹੈ
ਸ਼ਹਿਰ ਤੇਰੇ ਚੋਂ ਹੋ ਕੇ ਆਵਾਂ
ਮੇਰੇ ਵਸ ਦੀ ਗੱਲ ਨਹੀਂ ਹੈ

–0–

ਉਸ ਦਿਨ
ਜਿਸ ਦਿਨ
ਮੈਂ ਤੇਰੇ ਸ਼ਹਿਰੋਂ ਮੁੜਿਆ ਸਾਂ
ਮੇਰੇ ਸ਼ਹਿਰ ਦੇ ਲੋਕਾਂ
ਮੈਨੂੰ ਪੱਥਰ ਮਾਰੇ
ਤੇ ਮੇਰੇ ਪਿਓ ਦੀਆਂ ਅੱਖਾਂ
ਸ਼ਹਿਰ ਦੇ ਘੰਟਾ-ਘਰ ਦੇ ਉੱਤੇ
ਪੂਰਬ ਪੱਛਮ ਦੀ ਸਭਿਅਤਾ ਨੂੰ
ਤੱਕ ਰਹੀਆਂ ਸਨ

–0–

ਸ਼ਹਿਰ
ਅਚਾਰੀ ਕੀੜਿਆਂ ਵਾਂਗੂੰ
ਕੁਰਬਲ ਕੁਰਬਲ ਕਰ ਰਿਹਾ ਸੀ
ਹਰ ਕੀੜੇ ਦੇ ਮੂੰਹ ਵਿਚ
ਮੇਰਾ ਕੁੱਝ ਨਾ ਕੁੱਝ ਸੀ
ਹਰ ਕੀੜੇ ਦੀ ਅੱਖ
ਮੇਰੀ ਉਸ ਅੱਖ ਵੱਲ ਸੀ
ਜੋ ਅੱਖ
ਨਿਰਾ ਸਮੁੰਦਰ ਹੈ
ਜੋ ਅੱਖ ਤੇਰੇ ਸ਼ਹਿਰ ਦੇ ਲੋਕਾਂ
ਅਣਜਾਣੇਪਣ ਦਾ ਦਾਅਵਾ ਕਰਕੇ ਖੋਹ ਲਈ ਹੈ

ਤੇ ਉਸ ਅੱਖ ਦੇ
ਗਜ਼-ਗਜ਼ ਲੰਬੇ ਟੋਟੇ ਕਰਕੇ
ਕੋਠੀਆਂ ਅੰਦਰ ਸਾਂਭ ਲਏ ਨੇ
ਟਰੰਕੀਂ ਤਾਲੇ ਮਾਰ ਲਏ ਨੇ

-0-

ਸ਼ਹਿਰ ਤੇਰੇ ਵਿਚ
ਮੇਰੇ ਵਰਗਾ ਕੋਈ ਚਿੰਨ੍ਹ ਨਹੀਂ ਹੈ
ਸ਼ਹਿਰ ਤੇਰੇ ਚੋਂ ਹੋ ਕੇ ਆਵਾਂ
ਮੇਰੇ ਵਸ ਦੀ ਗੱਲ ਨਹੀਂ ਹੈ

----

## ਹਿੱਪਣ

ਇਕ ਪਰੀ
ਅਲਫ਼ ਨੰਗੀ ਨਹੀਂ
ਅਲਫ਼ ਨੰਗੀ ਜਿਹੀ
ਮੇਰੇ ਸੂਰਜ ਨੂੰ ਸੁੰਘਦੀ ਹੋਈ
ਮੇਰੀ ਛੱਤੇ ਆ ਚੜ੍ਹਦੀ ਹੈ

–0–

ਮੇਰੀ ਨਜ਼ਰ
ਜੋ ਪਾਲਮ ਅੱਡੇ ਤੋਂ ਪਰਤੀ ਹੈ
ਉਸ ਪਰੀ ਸੰਗ
ਨਜ਼ਰ ਭੋਗ ਦੀ ਇੱਛਕ ਨਹੀਂ ਹੈ
ਮੇਰੀ ਨਜ਼ਰ ਨੂੰ ਵਿਹਲ ਨਹੀਂ ਹੈ
ਕੋਠੇ ਚੜ੍ਹ ਕੇ ਧੁੱਪ ਸੇਕਣ ਦੀ
ਅੰਦਰ ਬਹਿ ਕੇ
ਆਪਣੇ ਆਪ ਤੇ ਕੱਫ਼ਨ ਪਾ ਕੇ
ਸੋਗ ਕਰਨ ਦੀ

–0–

ਮੇਰੀ ਨਜ਼ਰ ਤਾਂ ਗੱਡੀ ਗਈ ਹੈ
ਉਸ ਹਿੱਪਣ ਵੱਲ
ਜਿਸਦੀ ਖ਼ਾਤਰ
ਇੰਡੀਅਨ ਬੈਂਕ ਦੀ ਅਠਾਰਵੀਂ ਛੱਤੋਂ
ਮੈਂ ਡਿੱਗਾ ਹਾਂ
ਇਕ ਵਾਰੀ ਨਹੀਂ
ਕਈ ਸੌ ਵਾਰੀ
ਤੇ ਅੱਜ ਕੱਲ੍ਹ
ਇਸ ਭਾਲ ਵਿਚ
ਮੇਰਾ ਥੱਲਵਾਂ ਥੱਲਵਾਂ ਹਿੱਸਾ ਘਸ ਚੁੱਕਾ ਹੈ

ਕਿ ਉਸ ਹਿੱਪਣ ਸੰਗ
ਨੰਗਾ ਫੜਿਆ ਜਾਵਾਂ
ਪਰ ਮੂਰਖ਼ ਹਾਂ
ਹਿੱਪਣ ਨੂੰ ਤਾਂ ਲਾਜ ਨਹੀਂ ਹੁੰਦੀ
ਤੇ ਮੈਂ ਉਸ ਬੈਂਕ ਦੇ ਹੇਠਾਂ
ਤੇ ਦਿੱਲੀ ਦੀਆਂ ਸੜਕਾਂ ਉੱਤੇ
ਪੁਰਜੇ-ਪੁਰਜੇ ਹੋਇਆ
ਆਪਣੇ ਸੂਰਜ ਦੀ ਗਰਮੀ ਨੂੰ
ਮਾਪ ਰਿਹਾ ਹਾਂ
ਬੇਸ਼ੱਕ
ਮੇਰਾ ਥੱਲਵਾ ਧੜ ਨਹੀਂ
ਬੇਸ਼ੱਕ
ਮੇਰਾ ਥੱਲਵਾ ਧੜ ਨਹੀਂ

----

## ਮਾਂ ਤੇ ਮੈਂ

ਤੇਰੇ ਚਿਹਰੇ ਚੋਂ
ਮੇਰੀ ਮਹਿਬੂਬ ਦਾ ਚਿਹਰਾ
ਨਜ਼ਰ ਆਉਂਦਾ ਹੈ
ਤੇ ਮੇਰੇ
ਸੁਫ਼ਨਿਆਂ ਦੀ ਲੋਟੀ
ਮੇਰੇ ਜ਼ਿਹਨ 'ਚ ਰੜਕਦੀ ਹੈ
ਜਦ ਮੈਂ ਰਾਤ ਭਰ ਬਿਸਤਰ 'ਚ ਪਿਆ
ਇਹ ਸੋਚਦਾ ਹਾਂ
ਕਿ ਘਰ ਕੋਈ ਨਹੀਂ
ਤੇ ਗੁਪਤ ਅੰਗਾਂ ਦਾ ਰੋਗ ਹੈ ਮੈਨੂੰ

-0-

ਮੈਂ ਜਦੋਂ ਬੱਚਾ ਸਾਂ
ਤਾਂ ਚੰਗਾ ਸਾਂ
ਤੂੰ ਮੇਰੇ ਗੁਪਤ ਅੰਗਾਂ ਨੂੰ ਤੱਕਦੀ ਸੈਂ
ਤੇਂ ਹੱਸਦੀ ਸੈਂ
ਮੇਰੀਆਂ ਅੱਖ੍ਹਾਂ ਚੋਂ ਲੱਭਦੀ ਸੈਂ
ਉਹ ਬਿੰਬ
ਜੋ ਬੋਹੜ ਤੇ ਬਣਿਐ
ਪਰ ਕਿਸੇ ਪ੍ਰਣਾਲੇ ਤੇ.ਜਾ ਉੱਗਿਆ

-0-

ਐ ਮੇਰੀ ਜਨਮ ਦਾਤੀ
ਬਾਹਰਲੀ ਦੁਨੀਆਂ 'ਚ ਮੇਰੀ ਥਾਂ ਨਹੀਂ
ਤੇ ਆਪਣਾ ਆਪਾ ਮੇਰਾ ਆਪਾ ਨਹੀਂ
ਅੱਗ ਦੀ ਭੁੱਖ ਨੇ ਤਹਿਜ਼ੀਬ ਨਿਗਲ ਲੀਤੀ ਹੈ
ਤੇ ਮੇਰੇ ਆਪਣੇ ਲਹੂ ਦਾ ਪੰਜਾ ਹੀ
ਕਤਲ ਦਾ ਸਬੂਤ ਬਣਿਆ ਹੈ

ਤੇਰੇ ਚਿਹਰੇ ਚੋਂ
ਮੇਰੀ ਮਹਿਬੂਬ ਦਾ ਚਿਹਰਾ
ਨਜ਼ਰ ਆਉਂਦਾ ਹੈ
ਤੇ ਮੇਰੇ ਸੁਫ਼ਨਿਆਂ ਦੀ ਲੋਟੀ
ਮੇਰੇ ਜ਼ਿਹਨ 'ਚ ਰੜਕਦੀ ਹੈ
ਜਦੋਂ ਮੈਂ
ਰਾਤ ਭਰ ਬਿਸਤਰੇ 'ਚ ਪਿਆ
ਇਹ ਸੋਚਦਾ ਹਾਂ
ਕਿ ਘਰ ਕੋਈ ਨਹੀਂ
ਤੇ ਗੁਪਤ ਅੰਗਾਂ ਦਾ ਰੋਗ ਹੈ ਮੈਨੂੰ

----

## ਸ਼ਹਿਰ ਤੇ ਜੰਗਲ

ਅੱਜ ਮੈਂ ਦਸਵੇਂ ਦੁਆਰ
ਸਾਹ ਚੜ੍ਹਾਇਆ ਹੈ
ਤੇ ਸ਼ਹਿਰ ਤੋਂ ਜੰਗਲ ਤਕ ਦਾ
ਸਫ਼ਰ ਕੀਤਾ ਹੈ

-0-

ਸ਼ਹਿਰ ਦੇ ਲੋਕਾਂ
ਜੋ ਮਾਹੁਰਾ ਮੇਰੇ ਪੱਲੇ ਬੰਨ੍ਹਿਆ ਸੀ
ਉਹ ਮੇਰੀ ਕੰਡ ਪਿੱਛੇ
ਜੰਗਲ ਬਣਕੇ ਉੱਗਿਆ ਹੈ
ਇਹ ਸੁਭਾਵਕ ਹੈ
ਉਸ ਜੰਗਲ ਦਾ ਉੱਗਣਾ
ਤੇ ਸ਼ਹਿਰ ਦੇ ਲੋਕਾਂ ਦਾ
ਮੈਨੂੰ ਕਤਲ ਕਰ ਦੇਣਾ

-0-

ਮੈਂ ਇਕ ਪੁਸਤਕ 'ਚ ਪੜ੍ਹਿਆ ਹੈ
ਮੈਂ ਪਿੰਜਰੇ ਦਾ ਬੰਦ ਤੋਤਾ ਹਾਂ
ਤੇ ਸ਼ਹਿਰ ਤੋਂ
ਜੰਗਲ ਤਕ ਦਾ ਸਫ਼ਰ ਰੋਜ਼ ਕਰਦਾ ਹਾਂ
ਇਹ ਪਿੰਜਰਾ ਜੰਗਲ ਨਹੀਂ
ਸ਼ੀਸ਼ੇ ਦਾ ਸ਼ਹਿਰ ਹੈ
ਤੇ ਸ਼ਹਿਰ 'ਚ
ਕੁੱਝ ਸਭਿਅਕ ਜੰਗਲੀ ਜਿਹੇ ਲੋਕ ਵੱਸਦੇ ਨੇ
ਜੋ ਜੰਗਲ ਬੀਜਦੇ
ਪਰ ਸ਼ਹਿਰ ਦੀ ਉਮੀਦ ਰੱਖਦੇ ਨੇ

----

## ਰਾਜਧਾਨੀ

ਇਸ ਹਨ੍ਹੇਰੇ ਵਰਗੇ ਚਾਨਣ ਦੀ ਕਾਲਖ਼ 'ਚ
ਮੈਂ ਪੜ੍ਹਿਆ ਹੈ ਉੱਡਦਾ ਉੱਡਦਾ ਤੇਰਾ ਨਾਂਅ
ਤੇਰਾ ਨਾਂਅ ਮੇਰਾ ਨਾਂਅ

-0-

ਸਾਰੀ ਰਾਤ ਜਾਗਣ ਪਿੱਛੋਂ ਇੰਝ ਲੱਗਾ ਹੈ
ਕਿ ਰਾਤ ਦੀ ਆਪਣੀ ਕੋਈ ਹੋਂਦ ਨਹੀਂ
ਤੇ ਮੈਂ ਕਲਪਤ ਬਿੰਬਾਂ 'ਚ ਗੁਆਚਾ
ਆਪਣਾ ਆਪਾ ਮਾਪ ਰਿਹਾ ਹਾਂ
ਕਿ
ਜੀ.ਬੀ. ਰੋਡ ਤੇ
ਮੇਰਾ ਇਕ ਬੁੱਤ ਲੱਗਣਾ ਚਾਹੀਦਾ ਹੈ
ਤਾਂ ਜੋ ਲੋਕ ਜਾਣ ਤਾਂ ਸਕਣ
ਮੇਰੇ ਲਹੂ ਦੀਆਂ ਛੁਟਕੜੀਆਂ
ਜਿਸ ਥਾਂ ਤੇ ਡਿੱਗੀਆ ਹਨ
ਉਹ ਥਾਂ ਸੀਤਾ ਹੈ
ਮੈਂ ਇਸ ਯੁੱਗ ਦਾ ਰਾਵਣ ਹਾਂ
ਮੇਰੇ ਮੂੰਹ 'ਚ ਸੂਰਜ ਹੈ
ਕੱਛੇ ਚੰਦਰਮਾ
ਅੱਜ ਦੇ ਯੁੱਗ 'ਚ
ਮੈਨੂੰ ਮਾਰਨਾ
ਇਕ ਰਾਮ ਕਤਲ ਕਰਨਾ ਹੈ

-0-

ਹਾਂ ਮੈਂ ਰਾਵਣ ਨਹੀਂ
ਹਾਂ ਮੈਂ ਰਾਮ ਨਹੀਂ
ਮੈਂ ਬੀ. ਬੀ. ਰੋੜ ਤੇ
ਇਕ ਰੋੜ ਹਾਂ

ਜਿਸਦਾ ਨਾਂਅ ਹੈ ਅੱਗ
ਸਵੈਮਾਨ ਅੱਗ
ਜਿਸ ਤੇ ਚਲਣ ਲਈ
ਕਿਸੇ ਕਾਨੂੰਨ ਦੀ ਲੋੜ ਨਹੀਂ
ਤੇ ਨਾ ਹੀ ਲੋੜ ਹੈ
ਪਾਰਲੀਮੈਂਟ 'ਚ ਸੁੱਟੇ
ਪੈਮਾਨਾ ਤੇ ਵਿਲਜ਼ ਦੇ
ਉਨ੍ਹਾਂ ਟੋਟਿਆਂ ਦੀ
ਜੋ ਸਿਰ ਦੇ ਭਾਰ ਚਲਦੇ ਨੇ
ਤੇ ਢਿੱਡੀਂ ਦੰਦ ਉੱਗੇ ਹਨ

–0–

ਆਦਮੀ ਜੰਗਲੀ ਜਾਨਵਰ ਹੈ
ਕਿਸ ਦੀ ਕਿਸਮਤ ਹੈ
ਇਸ ਅੱਗ ਦੇ ਜੰਗਲ ਦਾ
ਕੀੜਾ ਬਣ ਕੇ ਰਹੇ
ਜਾਂ ਰੀਂਗ ਸਕੇ ਉਸ ਕੁੱਤੇ ਵਾਂਗੂੰ
ਜਿਸਦੀਆਂ ਪਿੱਛਲੀਆਂ ਲੱਤਾਂ
ਕਿਸੇ ਟਰੱਕ ਥੱਲੇ ਆ ਕੇ ਫਿਸੀਆਂ ਹੋਣ

–0–

ਇਸ ਹਨ੍ਹੇਰੇ ਵਰਗੇ ਚਾਨਣ ਦੀ ਕਾਲਖ਼ 'ਚ
ਮੈਂ ਪੜ੍ਹਿਆ ਹੈ ਉੱਡਦਾ ਉੱਡਦਾ ਤੇਰਾ ਨਾਂਅ
ਤੇਰਾ ਨਾਂਅ ਮੇਰਾ ਨਾਂਅ

-----

## ਘਰ ਤੋਂ ਸੜਕ-ਘਰ ਤੱਕ

ਅਸੀਂ
ਕਿਸ ਘੜੀ ਨੂੰ ਸੰਗ ਲੈ ਕੇ ਤੁਰੇ
ਨਾ ਉਸ ਚੁੱਪ ਹੀ ਤੋੜੀ
ਨਾ ਅਸੀਂ ਘਰ ਹੀ ਪਰਤੇ
ਅਸੀਂ ਤਾਂ ਨਰਗਸੀ ਫੁੱਲ ਬੀਜੇ ਸਨ
ਜੇ ਅੱਕ ਉੱਗਿਆ ਹੈ
ਤਾਂ ਧਰਤੀ ਨੂੰ ਕਿਉਂ ਪੂਜਣਾ ਛੱਡੀਏ
ਕਿਉਂ ਆਪਣੇ ਬਚਪਨ ਦੇ
ਦਿਨਾਂ 'ਚ ਪਰਤ ਜਾਈਏ
ਤੇ ਕਿਸੇ ਰੇਤ ਉਸਰੇ ਮਹਿਲ ਚੋਂ
ਤਾਜ ਨੂੰ ਤੱਕੀਏ

-0-

ਧਰਤੀ ਸੰਗ ਘਰ ਦਾ ਬੂਹਾ
ਕਿਉਂ ਨਹੀਂ ਘੁੰਮਦਾ
ਸਿਆਲਾਂ 'ਚ
ਹੁਣ ਵੀ ਸਾਡੀ ਬੱਕਰੀ
ਸੋਨੇ ਦੀਆਂ ਮੇਂਗਣਾਂ ਦਿੰਦੀ ਹੈ
ਸਾਡੇ ਕਿਸੇ ਬਜ਼ੁਰਗ ਨੇ
ਆਪਣੀ ਖੋਪਰੀ ਲਾਹ ਕੇ ਰੱਖੀ ਸੀ
ਜਿਸ ਤੇ ਇਕ ਬਿੱਲੀ ਝਪਟੀ
ਤੇ ਹੁਣ ਤੱਕ ਨਹੀਂ ਪਰਤੀ

-0-

ਅਸੀਂ
ਕਿਸੇ ਘੜੀ ਨੂੰ ਸੰਗ ਲੈ ਕੇ ਤੁਰੇ
ਨਾ ਉਸ ਚੁੱਪ ਹੀ ਤੋੜੀ
ਨਾ ਅਸੀਂ ਘਰ ਹੀ ਪਰਤੇ

-0-

ਅਸੀਂ ਘੁੱਪ ਹਨ੍ਹੇਰੇ 'ਚ
ਆਪਣਾ ਘਰ ਛੱਡਿਆ
ਤੇ ਸੜਕ ਮੱਲੀ ਸੀ
ਸਾਡੇ ਮਸਤਕੀ ਚਾਨਣ ਨੂੰ
ਹਨ੍ਹੇਰਿਆਂ ਸੁੰਘਿਆ
ਸਾਡੇ ਵਿਚੋਂ ਖੁੰਭ ਵਰਗਾ
ਕੂੜ ਫੁਟਿਆ ਤੇ ਛਾਅ ਗਿਆ
ਸੜਕ
ਇਕ ਨੰਗੀ ਮੁਟਿਆਰ ਵਾਂਗ
ਸਾਡੇ ਸੰਗ ਸੁੱਤੀ ਰਹੀ
ਪਰ ਉਸ ਖੁੰਭ ਵਰਗੇ ਕੂੜ ਨੇ
ਸੀਕ ਲਿਆ ਸਾਰਾ ਲਹੂ
ਤੇ ਅਸੀਂ
ਸੜਕ-ਘਰ ਛੱਡਣ ਦਾ ਹੀਆ
ਨਾ ਕਰ ਸਕੇ

-0-

ਅਸੀਂ
ਕਿਸ ਘੜੀ ਨੂੰ ਸੰਗ ਲੈ ਕੇ ਤੁਰੇ
ਨਾ ਉਸ ਚੁੱਪ ਹੀ ਤੋੜੀ
ਨਾ ਅਸੀਂ ਘਰ ਹੀ ਪਰਤੇ

-0-

ਕੀ ਵਡਿਆਈ ਸੀ
ਸਾਇਆ ਹੀ ਨਾਲ ਰਿਹਾ
ਤੇ ਜਿਸਮ ਦੀ ਹਕੀਕਤ
ਸਾਏ ਤੇ ਫ਼ਖ਼ਰ ਕਰਦੀ ਰਹੀ
ਅਸਲ ਮਸਤਕ ਦੀ ਜੋਤ
ਹਨ੍ਹੇਰਿਆਂ ਤੋਂ ਡਰ ਕੇ ਬਲਦੀ ਰਹੀ
ਨਹੀਂ ਤਾਂ ਕੌਣ ਚਾਹੁੰਦਾ ਸੀ

ਆਪਣਾ ਆਪ ਲੂਹ ਕੇ ਰੌਸ਼ਨੀ ਕਰੀਏ
ਬਸ ਠਰਕ ਸੀ
ਪਰਦੇਸੀ ਬਣ ਕੇ ਰਹਿਣ ਦਾ
ਤੇ ਇਸ ਤੋਂ ਵੱਧ ਸੁੱਚਾ ਢੰਗ ਨਹੀਂ ਸੀ
ਉਸ ਅੱਕ ਦੇ ਮੱਥੇ ਤੇ
ਨਰਗਸੀ ਕਲੰਕ ਲਾਉਣ ਦਾ
ਉਂਞ
ਸਾਡੀ ਆਪਣੀ ਹੋਂਦ ਵੀ
ਤਾਂ ਅੱਕ ਵਰਗੀ ਸੀ
ਇਹ ਵੱਖਰੀ ਸੀ
ਇਹ ਵੱਖਰੀ ਗੱਲ ਹੈ
ਅਸੀਂ ਨਰਗਸੀ ਫੁੱਲ ਬੀਜੇ ਸਨ
ਤੇ ਆਪਣੀ ਕੋਠੀ ਦੇ ਮੱਥੇ ਤੇ
"ਆਲ੍ਹਣਾ" ਲਿਖਿਆ

-0-

ਅਸੀਂ
ਕਿਸ ਘੜੀ ਨੂੰ ਸੰਗ ਲੈ ਕੇ ਤੁਰੇ
ਨਾ ਉਸ ਚੁੱਪ ਹੀ ਤੋੜੀ
ਨਾ ਅਸੀਂ ਘਰ ਹੀ ਪਰਤੇ

-0-

ਅਸੀਂ
ਇਕ ਨਰਗਸੀ ਫੁੱਲ ਦੇ ਪਿੰਡੇ 'ਚ
ਜਰਮ ਰੀਂਗਦੇ ਤੱਕੇ ਮੱਖੀਆਂ ਭਿਣਕਦੀਆਂ
ਤੇ ਸੜਕ-ਘਰ ਦੇ ਲੋਕ
ਨਰਗਸ ਦੇ ਮੂੰਹ ਤੇ ਥੁੱਕਦੇ
ਉਂਗਲੀ ਲੱਗੇ ਜੁਆਕ
ਨਰਗਸੀ ਫੁੱਲ ਨੂੰ ਤੱਕ ਕੇ

ਲਿਫ਼ਟਾਂ ਵਾਲੇ ਹੋਟਲ ਦਾ ਜ਼ਿਕਰ ਕਰਦੇ
ਆਪਣੇ ਪੈਰਾਂ ਤੇ ਖੜ੍ਹਦੇ
ਆਪਣੇ ਪੈਰਾਂ ਤੇ ਚਲਦੇ
ਉਨ੍ਹਾਂ ਦੇ ਮੂੰਹ 'ਚੋਂ
ਖੁੰਭਾਂ ਦੀ ਭਾਜੀ ਲਈ
ਰਾਲਾਂ ਵੱਗ ਰਹੀਆਂ ਹੁੰਦੀਆਂ
ਸੜਕ ਦੀਆਂ ਬੱਤੀਆਂ
ਜਗ ਰਹੀਆਂ ਹੁੰਦੀਆਂ
ਅਸੀਂ ਮਸਤਕ ਦੀ ਜੋਤ ਬੁੱਝਾ
ਇਕ ਜਰਮ ਬਣ ਜਾਂਦੇ
ਉਸ ਨਰਗਸੀ ਫੁੱਲ ਦੀ
ਧੁੰਨੀ ਦਾ ਸਫ਼ਰ ਕਰਦੇ

-0-

ਅਸੀਂ
ਕਿਸ ਘੜੀ ਨੂੰ ਸੰਗ ਲੈ ਕੇ ਤੁਰੇ
ਨਾ ਉਸ ਚੁੱਪ ਹੀ ਤੋੜੀ
ਨਾ ਅਸੀਂ ਘਰ ਹੀ ਪਰਤੇ
ਅਸੀਂ ਤਾਂ ਨਰਗਸੀ ਫੁੱਲ ਬੀਜੇ ਸਨ
ਜੇ ਅੱਕ ਉੱਗਿਆ ਹੈ
ਤਾਂ
ਧਰਤੀ ਨੂੰ ਕਿਉਂ ਪੂਜਣਾ ਛੱਡੀਏ

----

# ਫ਼ਰਾਖ਼ਦਿਲੀ

ਕੋਈ ਦਾਗ਼ ਨਹੀਂ ਦਿਲ ਤੇ
ਜਿਸਦਾ ਸੇਕ ਜ਼ਰ ਸਕਾਂ
ਨਾ ਹੀ ਰੁਝੇਵਿਆਂ ਤੋਂ ਵਿਹਲ ਮਿਲਦੀ ਹੈ
ਕਿ ਤੈਨੂੰ ਯਾਦ ਕਰ ਸਕਾਂ

-0-

ਸੂਝ ਦੀ ਤੀਖਣ ਰਫ਼ਤਾਰ
ਇਸ ਤਰ੍ਹਾਂ ਵਧੀ
ਕਿ ਹਨ੍ਹੇਰੇ ਤੋਂ ਸਿਵਾ
ਕੁੱਝ ਨਜ਼ਰ ਨਹੀਂ ਆਉਂਦਾ
ਕਈ ਜਨਮਾਂ ਦੀ ਗੱਲ ਹੈ
ਘਰ ਤੋਂ ਸੜਕ-ਘਰ ਦਾ ਸਫ਼ਰ
ਮੈਨੂੰ ਤਾਂ ਪਹਿਲੇ ਜਨਮ ਦਾ
ਚਿਹਰਾ ਹੀ ਯਾਦ ਹੈ
ਜਦੋਂ ਹੱਥ ਸਖ਼ੀ ਸਨ
ਤੇ ਕੋਹੜ ਮੁੱਲ ਲੈਣ ਦੀ
ਆਦਤ ਸੀ ਮੇਰੀ
ਪੱਲੇ ਬੰਨ੍ਹੇ
ਇਸ ਕੋਹੜ ਤੋਂ ਸੁਰਖਰੂ ਹੋਣ ਲਈ
ਮੇਰੇ ਜਨਮਾਂ ਦੀ ਲੜੀ ਦਾ
ਕੋਈ ਵੀ ਚਿਹਰਾ
ਮੈਨੂੰ ਆਪਣਾ ਨਹੀਂ ਲੱਗਦਾ
ਜਿਸਦਾ ਇਤਬਾਰ ਕਰ ਸਕਾਂ

-0-

ਕੋਈ ਦਾਗ਼ ਨਹੀਂ ਦਿਲ ਤੇ
ਜਿਸਦਾ ਸੇਕ ਜ਼ਰ ਸਕਾਂ
ਨਾ ਹੀ ਰੁਝੇਵਿਆਂ ਤੋਂ ਵਿਹਲ ਮਿਲਦੀ ਹੈ
ਕਿ ਤੈਨੂੰ ਯਾਦ ਕਰ ਸਕਾਂ

-0-

ਮੈਂ ਇਸ ਕੋਹੜ ਨੂੰ
ਕੱਖਾਂ 'ਚ
ਅੰਗਿਆਰਿਆਂ ਵਾਂਗੂੰ
ਸਾਂਭ ਰੱਖਿਆ ਹੈ
ਇਸਨੇ ਵੀ
ਮੈਨੂੰ ਕੋਹੜ ਨਹੀਂ ਕੀਤਾ
ਸਗੋਂ ਇਕ ਬੋਝ ਬਣਿਆ ਹੈ
ਮੈਂ ਇਸ ਕੋਹੜ ਨੂੰ
ਇਕ ਪਾਪ ਵਾਂਗੂੰ ਉਠਾਈ ਫਿਰਦਾ ਹਾਂ
ਤੇ ਸ਼ੀਸ਼ੇ 'ਚ ਜਾਣਕੇ ਮੂੰਹ ਤੇ ਥੁੱਕਦਾ ਹਾਂ
ਕਿ ਅੰਗਿਆਰਿਆਂ ਤੋਂ
ਕੱਖਾਂ ਤੱਕ ਦੀ ਵਿਰਲ ਮੇਟਣ ਲਈ
ਆਪਣੇ ਆਪ ਨੂੰ
ਤੇ ਆਪਣੇ ਕੋਹੜ ਨੂੰ
ਕਿਉਂ ਗੁਠਾਲੀ ਵਿਚ ਨਹੀਂ ਪਾਇਆ
ਤਾਂ ਜੋ ਖੋਟ ਮਰ ਸਕੇ
ਤੇ ਮੈਂ ਪਹਿਲੇ ਜਨਮ 'ਚ ਪਰਤ ਜਾਵਾਂ

-0-

ਇਸ ਚਿਹਰਿਆਂ ਦੇ ਸਾਗਰ 'ਚ
ਪਹਿਲੇ ਜਨਮ ਵਰਗਾ
ਕੋਈ ਵੀ ਤਾਂ ਚਿਹਰਾ ਨਹੀਂ
ਜੋ ਪ੍ਰਦੇਸੀਆਂ ਨੂੰ ਰਾਤ ਕੱਟਣ ਲਈ
ਪਨਾਹ ਦਿੰਦਾ ਰਿਹਾ
ਸਵੇਰੇ ਅਲਵਿਦਾ ਕਹਿ ਕੇ
ਪਰਤਣ ਲਈ ਦੁਆ ਦਿੰਦਾ ਰਿਹਾ

----

## ਬੁੱਢਾ ਸੂਰਜ

ਉਹ ਕੱਲ੍ਹ ਅੱਜ ਹੈ
ਜਿਹੜੇ ਲਈ
ਉਮਰ ਤੋਂ ਭਿੱਤ ਖੁੱਲ੍ਹਾ ਸੀ
ਤੇ ਅੰਦਰ ਪਏ
ਬਰਤਨਾਂ ਦੇ ਬੁੱਲ੍ਹ ਸੁੱਕੇ ਸਨ

-0-

ਉਹ ਜੋ ਸੂਰਜ ਨਾਂਅ ਦੀ
ਵਸਤੂ ਵਿਹਾਜੀ ਸੀ
ਉਸਦਾ ਸੇਕ ਸਾਡੀ ਹੋਂਦ ਖਾ ਗਿਆ
ਹੱਡੀਆਂ ਦੀ ਖਾਦ ਬਣ ਗਈ
ਨਵੀਂ ਫ਼ਸਲ ਦਾ ਦਾਅਵਾ ਹੈ
ਇਹ ਸੂਰਜ ਉਹ ਸੂਰਜ ਨਹੀਂ
ਉਹ ਸੂਰਜ ਕਿਸੇ ਨੇ ਖਾ ਲਿਆ ਹੈ

-0-

ਨਵੀਂ ਫਸਲ ਦੀ
ਆਪਣੀ ਹੀ ਸ਼ਾਨ ਹੈ
ਅਤੇ ਆਪਣੇ ਰੰਗ ਦੇ ਹਥਿਆਰ
ਅਜੇ ਡਾਕਟਰ
ਪੇਟ ਉਤੇ ਕੰਨ ਧਰ ਕੇ ਮੁਸਕਰਾਇਆ ਹੈ
ਕੱਲ੍ਹ ਜਦ ਪੇਟ ਚਾਕ ਹੋਵੇਗਾ
ਤਾਂ ਉਹ ਸੂਰਜ
ਬੰਦਿਆਂ ਦੀ ਪਨੀਰੀ ਦੀ ਗੱਲ ਛੇੜੇਗਾ
ਤਾਂ ਰੋਵੇਗਾ
ਪਰ ਬੰਦਿਆਂ ਦੀ ਫ਼ਸਲ·ਤੇ ਹੱਸੇਗਾ

-0-

ਨਿਪੁੰਸਕੋ ਮੇਰੇ ਤੇ ਰਹਿਮ ਕਰੋ
ਮੈਂ ਤੁਹਾਡੇ ਮੂੰਹ ਤੇ ਥੁੱਕਦਾ ਹਾਂ
ਮੇਰੀ ਧ਼ਰਤੀ
ਤੁਸੀਂ ਬੰਜਰ ਕੀਤੀ ਹੈ
ਤੁਸੀਂ ਕਾਤਲ ਹੋ
ਮੇਰੀ ਜਵਾਨੀ ਦੇ
ਤੁਸੀਂ
ਇਸ ਬੁੱਢੇ ਸੂਰਜ ਨੂੰ
ਕੀ ਕਰੋਗੇ
ਜਿਸਨੂੰ ਨਰਕ ਦੇ ਕੋਹੜ ਨੇ
ਖਾ ਲਿਆ ਹੈ

-0-

ਧਰਤੀ ਵਾਂਗੂੰ
ਖ਼ਾਮੋਸ਼ ਹੋ ਜਾਏਗੀ ਨਵੀਂ ਨਸਲ
ਤੇ ਰੁੱਝ ਜਾਏਗੀ
ਨਵ-ਸੂਰਜ ਸਿਰਜਣ ਲਈ
ਪਰ ਬੁੱਢੇ ਸੂਰਜ ਦਾ ਕਲੰਕ
ਆਦਮ ਦੇ ਮੱਥੇ ਤੋਂ ਨਹੀਂ ਮਿਟੇਗਾ
ਸਗੋਂ ਹੋਰ ਚਮਕੇਗਾ
ਨਵੇਂ ਸੂਰਜ ਦੀ ਰੌਸ਼ਨੀ ਸਦਕਾ
ਨਵੇਂ ਸੂਰਜ ਦੀ ਰੌਸਨੀ ਸਕਦਾ

-0-

ਉਹ ਕੱਲ੍ਹ ਅੱਜ ਹੈ
ਜਿਹਦੇ ਲਈ ਉਮਰ ਤੋਂ ਭਿੱਤ ਖੁੱਲ੍ਹਾ ਸੀ
ਤੇ ਅੰਦਰ ਪਏ ਬਰਤਣਾਂ ਦੇ ਬੁੱਲ੍ਹ ਸੁੱਕੇ ਸਨ

----

## ਖ਼ੂਨ-ਖ਼ੂਨ

ਇਹ ਸਾਜ਼ਿਸ਼
ਮੇਰੇ ਕਤਲ ਲਈ ਇਕ ਮਿਸਾਲ ਹੈ
ਸ਼ਾਇਦ ਇਸ ਲਈ
ਹੁਣ ਮੈਂ ਮਰ ਨਹੀਂ ਸਕਦਾ
ਤੇ ਪੂਰੀ ਉਮਰ
ਤੁਹਾਡੇ ਕ਼ਮਾਲ ਦਾ ਦੇਣਦਾਰ ਹਾਂ

-0-

ਪਹਿਲਾਂ ਵੀ ਕਈ ਵਾਰੀ
ਤੁਸਾਂ ਨੇ ਹੱਥ ਚੁੱਕੇ ਸਨ
ਪਰ ਮੈਂ ਰੋਕ ਦਿੱਤੇ
ਤੇ ਆਪਣੇ ਕਤਲ ਦਾ
ਤੁਹਾਨੂੰ ਇਕ ਚੰਗੇਰਾ ਰਾਹ ਦੱਸਿਆ ਸੀ

-0-

ਪਰ ਤੁਸਾਂ ਫਿਰ ਵੀ
ਆਪਣੇ ਆਪ ਨੂੰ ਜਿਉਂਦੇ ਸਮਝਿਆ
ਤੇ ਮੇਰੇ ਲਹੂ 'ਚ ਹੱਥ ਰੰਗਣੇ ਚਾਹੇ
ਮੈਂ ਹੁਣ ਵੀ
ਤੁਹਾਡੇ ਹੱਥਾਂ ਦੀ ਸੁੱਖ ਮੰਗਦਾ ਹਾਂ
ਕਿ ਮੇਰੇ ਲਹੂ 'ਚ ਸਫ਼ੈਦੀ ਤੋਂ ਸਿਵਾ
ਕੁੱਝ ਨਹੀਂ ਬਾਕੀ
ਤੇ ਇਹ ਦਾਅਵਾ ਹੈ
ਕਿ ਚਿੱਟੇ ਰੰਗ ਦਾ ਅਮਨ ਦੇ ਸਿਵਾ
ਕੋਈ ਹੋਰ ਰੰਗ ਨਹੀਂ ਹੁੰਦਾ

-0-

ਜੇ ਨਹੀਂ ਮੰਨਦੇ ਤਾਂ ਆਓ
ਆਪਣੇ ਹੱਥ ਮੇਰੇ ਲਹੂ 'ਚ ਡੋਬੋ
ਜਾਣ ਜਾਓਗੇ
ਤੁਸੀਂ ਮੁਰਦਾ ਤਾਰੀ ਨਹੀਂ ਤਰਦੇ
ਸਗੋਂ ਸੱਚਮੁੱਚ ਹੀ ਮੁਰਦੇ ਹੋ

-0-

# ਸਫ਼ਰ

ਰਾਤ ਦੀ ਕਾਲੋਂ
ਦਿਨ ਦਾ ਚਾਨਣ ਮੇਰੇ ਹਨ
ਮੈਂ ਇਨ੍ਹਾਂ ਦਾ
ਦੋ ਪੁੜਾਂ ਵਿਚਾਲੇ ਦੁੱਖਾਂ ਤੇ ਸੁੱਖਾਂ
ਦਾ ਗਾਲਾ ਹਾਂ

–0–

ਮੇਰੇ ਕਦਮਾਂ ਨੇ
ਜੋ ਕੋਈ ਪੈਂਡਾ ਤਾੜਿਆ
ਤਾਂ ਮੇਰੀ ਨਜ਼ਰ ਨੂੰ ਪੱਥਰ ਯਾਦ ਆਇਆ
ਮੇਰਾ ਦਿਲ ਉਜਾੜਾਂ ਤੋਂ ਡਰਿਆ
ਤੇ ਭੀੜਾਂ 'ਚ ਜਾ ਵੜਿਆ
ਜਿੱਥੇ ਮੰਜ਼ਿਲ ਕਦਮ ਭਾਲਦੀ
ਉਜਾੜਾਂ 'ਚ ਰੌਣਕ ਉਤਾਰਦੀ

–0–

ਉਜਾੜਾਂ ਦੀ ਛਾਂ
ਭੀੜਾਂ ਦੀ ਧੁੱਪ ਕੋਈ ਕੁੱਝ ਨਹੀਂ
ਬਸ ਆਪਣੇ ਲਹੂ ਦੀ ਚੇਟਕ ਹੈ
ਜੋ ਕਦੇ ਆਪਣੀ ਮਾਂ ਦੇ ਬੁੱਲ੍ਹਾਂ ਚੋਂ
ਜਾਂ ਧੀ ਦੇ ਸਾਹਾਂ ਚੋਂ ਆਉਂਦੀ ਹੈ

–0–

ਦੁਨੀਆਂ ਕੀ ਨੁਕਤਾ ਹੈ
ਕੀ ਭਲਾ ਕੀ ਨਾ
ਇਹ ਵੀ ਕੀ ਯਾਦ ਆਇਆ ਹੈ
ਕਿ ਪੈਰ ਆਪਣੇ ਆਪ ਤੇ ਭਾਰੂ
ਸਾਹਾਂ 'ਚ ਭੀੜ ਦੀ ਖ਼ੁਸ਼ਬੂ ਰਚਦੀ ਜਾ ਰਹੀ
ਤੇ ਉਜਾੜਾਂ ਦੀ ਧੂ ਦੇਹੀ ਨੂੰ ਖਾ ਰਹੀ
ਇਹ ਕੇਹੀ ਸ਼ੋਚ ਨੇ ਦਸਤਕ ਦਿੱਤੀ ਹੈ

ਕਿ ਸਿਰ ਨੂੰ ਪੈਰਾਂ ਦੀ
ਪੈਰਾਂ ਨੂੰ ਸਿਰ ਦੀ ਭੁਲਦੀ ਜਾ ਰਹੀ

-0-

ਮੇਰੇ ਦੋਸਤ
ਜਾਂ ਮੇਰਾ ਕੋਈ ਅੰਗ
ਮੇਰੇ ਜ਼ਿਹਨ ਤੇ ਹਰਕਤ ਨਾ ਕਰਨ ਦਾ
ਜੇ ਇਲਜ਼ਾਮ ਧਰਦੇ ਹਨ
ਤਾਂ ਆਪਣੀ ਦੇਹ ਦੇ ਸੱਚ ਦਾ
ਹੀ ਕਤਲ ਕਰਦੇ ਹਨ
ਉਨ੍ਹਾਂ ਦੀ ਦੇਹ
ਮੇਰੇ ਸਾਏ ਦਾ ਵਾਸ ਹੈ
ਮੈਂ ਪੱਥਰ ਹੀ ਸਹੀ ਲੇਕਿਨ
ਗਤੀ ਦਾ ਮੈਨੂੰ ਅਹਿਸਾਸ ਹੈ

-0-

ਮੇਰਾ ਇਕ ਅੰਗ
ਜੋ ਭੀੜਾਂ ਜਿਉਂਦਾ ਉਜਾੜਾਂ 'ਚ ਮਰਦਾ ਸੀ
ਉਜਾੜਾਂ ਜਿਉਂਦਾ ਭੀੜ 'ਚ ਮਰਦਾ ਸੀ
ਸੋਚ ਕੇ ਦਰਵਾਜ਼ੇ ਬੰਦ ਕਰ
ਵਿਸਕੀ ਦੇ ਨਸ਼ੇ 'ਚ ਚੂਰ
ਮੇਰੇ ਉਸ ਚਿਹਰੇ ਨੂੰ ਤੱਕਦਾ ਹੈ
ਜਿਸ ਲਈ
ਕੱਲ੍ਹ ਸੰਜੀਵਨੀ ਲੈ ਕੇ ਆਇਆ ਸੀ
ਰਾਤੀ ਜ਼ਹਿਰ ਦੇ ਕੇ ਤੁਰ ਗਿਆ
ਸਾਏ ਤੋਂ ਦੇਹ ਦਾ
ਦੇਹ ਤੋਂ ਸਾਏ ਦਾ ਸਫ਼ਰ ਪੂਰਾ ਕਰ ਗਿਆ

-0-

ਰਾਤ ਦੀ ਕਾਲੋਂ
ਦਿਨ ਦਾ ਚਾਨਣ ਮੇਰੇ ਹਨ ਮੈਂ ਇਨ੍ਹਾਂ ਦਾ
ਦੋ ਪੁੜਾਂ ਵਿਚਾਲੇ ਦੁੱਖਾਂ ਤੇ ਸੁੱਖਾਂ ਦਾ ਗਾਲਾ ਹੈ

----

## ਨਰਕ ਦਾ ਜੰਗਲ

ਜਿਹੜੇ ਰਾਹ ਤੇ
ਤੁਸੀਂ ਅੱਜ ਤੁਰੇ ਹੋ
ਉਸ ਤੇ
ਇਕ ਉਮਰ ਪਹਿਲਾਂ
ਮੈਂ ਤੁਰਿਆ ਸਾਂ
ਪਰ ਤੁਸਾਂ ਪਾਗਲ ਆਖਿਆ
ਤੇ ਜੰਗਲੀ ਸਮਝਿਆ ਮੈਨੂੰ

-0-

ਅੱਜ ਤੁਸੀਂ
ਮੇਰੇ ਹੀ ਨਰਕ ਚੋਂ
ਸਵਰਗ ਦਾ ਰਾਹ ਲੱਭਦੇ ਹੋ
ਤੁਸੀਂ ਦੱਸੋ
ਇਹ ਨਰਕ ਦਾ ਜੰਗਲ
ਬੀਜਿਆ ਕਿਸ ਨੇ
ਮੈਂ ਤਾਂ ਕੁੱਝ ਅਰਥਾਂ ਦੀ ਸੇਧੇ
ਤੁਰਨਾ ਚਾਹਿਆ ਸੀ
ਤੇ ਤਿਲਕਣ ਦੇ ਡਰ ਤੋਂ
ਤੁਹਾਡੇ ਹੱਥਾਂ ਦਾ ਸਹਾਰਾ ਮੰਗਿਆ ਸੀ
ਤੁਸੀਂ ਉਹ ਹੱਥ ਦੱਸੋ
ਜਿਨ੍ਹਾਂ ਡਿੱਗਦੇ ਨੂੰ ਸਾਂਭਿਆ
ਜਾਂ ਨਰਕ ਦਾ ਜੰਗਲ ਮਿੱਧਣ ਤੋਂ ਪਹਿਲਾਂ
ਰਾਹ ਤੇ ਰੌਸ਼ਨੀ ਕੀਤੀ

-0-

ਜ਼ਰਾ ਸੋਚੋ
ਤੁਸਾਂ ਮੇਰਾ ਖ਼ੂਨ ਨਹੀਂ ਕੀਤਾ
ਆਪਣੇ ਹੱਥਾਂ ਨੂੰ ਸੁੰਘੋ

ਤੁਹਾਨੂੰ ਮੁਰਦਾ ਬਾਸ ਆਵੇਗੀ
ਤੁਹਾਡੇ ਸੁਫ਼ਨਿਆਂ 'ਚ
ਉਹ ਚਿਹਰਾ ਨਹੀਂ ਅਉਂਦਾ
ਜੋ ਇਹ ਨਰਕ ਦਾ ਜੰਗਲ
ਲੰਘਣ ਤੋਂ ਪਹਿਲਾਂ ਸੀ

-0-

ਅਜੇ ਮੇਰੀਆਂ ਤਲੀਆਂ ਤੇ ਨੇ
ਤੁਹਾਡੇ ਬੂਟਾਂ ਦੇ ਨਿਸ਼ਾਨ
ਮੇਰੀ ਕੰਡ ਦੱਸ ਰਹੀ ਹੈ
ਤੁਹਾਡੇ ਕੋੜਿਆਂ ਦੀ ਭੁਗੋਲ
ਅਜੇ ਮੇਰੀ ਛਾਤੀ ਤੇ ਦਾਗ਼ ਨੇ
ਗਰਮ ਸੀਖ਼ਾਂ ਦੇ
ਅਜੇ ਮੈਂ ਜਿਉਂਦਾ ਹਾਂ
ਅਜੇ ਤੁਸੀਂ ਕਿੰਝ ਲੱਭ ਸਕਦੇ ਹੋ
ਸਵਰਗ ਦਾ ਰਾਹ
ਸਵਰਗ ਦਾ ਰਾਹ ਲੱਭਣ ਤੋਂ ਪਹਿਲਾਂ
ਤੁਹਾਨੂੰ ਇਕ ਨਰਕ ਦਾ ਜੰਗਲ
ਮਿੱਧਣਾ ਪਵੇਗਾ
ਉਦੋਂ ਮੇਰੇ ਹੱਥਾਂ ਚੋਂ
ਤੁਹਾਡੇ ਲਹੂ ਦੀ ਬਾਸ ਆਵੇਗੀ
ਮੈਂ ਮੰਨਾਂਗਾ
ਤੁਸੀਂ ਕਾਲਖ਼ ਨੂੰ ਕਾਲਖ਼
ਚਾਨਣ ਨੂੰ ਚਾਨਣ ਆਖ ਸਕਦੇ ਹੋ

-0-

ਜਿਹੜੇ ਰਾਹ ਤੇ
ਤੁਸੀਂ ਅੱਜ ਤੁਰੇ ਹੋ
ਉਸ ਤੇ ਇਕ ਉਮਰ ਪਹਿਲਾਂ ਮੈਂ ਤੁਰਿਆ ਸਾਂ

-----

## ਗਲੀਆਂ ਦੇ ਕੱਖ

ਬੜੇ ਵਰ੍ਹਿਆਂ ਦੀ ਗੱਲ ਹੈ
ਸਕੂਲੋਂ ਘਰ ਪਰਤਣਾ
ਤੇ ਫਿਰ ਪਿੰਡ ਦੀਆਂ ਗਲੀਆਂ 'ਚ
ਝੱਲ ਖਲੇਰਣਾ

-0-

ਇਸ ਤੋਂ ਵੱਧ ਵੀ ਕੁੱਝ ਹੁੰਦਾ ਹੈ
ਕਿਸ ਨੂੰ ਪਤਾ ਸੀ
ਪੱਥਰ ਗੀਟੇ ਜਾਂ ਗਿਟਕ ਦੀ ਪੀਪਣੀ
ਬਚਪਨ ਦੇ ਸਾਂਝੇ ਜਿਹੇ ਗਹਿਣੇ
ਤੇਰੇ ਤੇ ਮੇਰੇ ਸਨ
ਅੱਜ ਤੇਰਾ ਆਪਾ
ਤੇਰਾ ਆਪਾ ਹੈ
ਮੇਰਾ ਆਪਾ ਮੇਰਾ ਆਪਾ ਹੈ

-0-

ਉਹ ਬਚਪਨ ਸੀ
ਜਦੋਂ ਤੈਨੂੰ ਮੋਰਨੀ ਦੇ ਬੱਚਿਆਂ
ਤੇ ਬੱਤਖਾਂ ਦੇ ਚੂਚਿਆਂ ਸੰਗ ਪਿਆਰ ਸੀ
ਉਦੋਂ ਸ਼ਾਇਦ
ਚੰਗੇ ਤੇ ਮਾੜੇ ਦੀ
ਅਸਲ ਪਹਿਚਾਣ ਨਹੀਂ ਸੀ ਸਾਨੂੰ
ਫਿਰ ਵੀ ਬੜਾ ਕੁੱਝ ਸਾਂਝਾ ਸੀ ਆਪਣਾ
ਹੁਣ ਜਦ ਪਹਿਚਾਣ ਗਏ ਹਾਂ
ਆਪਣਾ ਆਪਾ
ਤਾਂ ਕੁੱਝ ਵੀ ਸਾਂਝਾ ਨਹੀਂ ਰਿਹਾ
ਨਾ ਹੀ ਤੈਨੂੰ

ਮੋਰਨੀ ਦੇ ਬੱਚਿਆਂ ਸੰਗ ਪਿਆਰ ਰਿਹਾ ਹੈ
ਨਾ ਹੀ ਤੈਨੂੰ
ਬਚਪਨ ਦੇ ਗਹਿਣੇ ਹੀ ਯਾਦ ਹਨ
ਕੁੱਝ ਗਹਿਣੇ
ਜਿਨ੍ਹਾਂ ਨੂੰ ਸੋਚ ਕੇ
ਕਈ ਵਾਰ ਮੈਂ ਪਿੰਡ ਨੂੰ ਪਰਤਦਾ ਹਾਂ
ਤੂੰ ਉਵੇਂ ਦੀ ਉਵੇਂ
ਗਲੀਆਂ ਦੇ ਕੱਖ ਜੁਆਨ ਹੁੰਦੇ
ਤਾਂ ਦੱਸਦੀ ਹੈਂ
ਪਰ ਕਦੀ ਨਹੀਂ ਪੁੱਛਿਆ
ਉਨ੍ਹਾਂ ਗਹਿਣਿਆਂ ਬਾਰੇ
ਜਿਨ੍ਹਾਂ ਲਈ
ਬਚਪਨ ਵਿਚ ਲੜਾਈਆਂ ਮੁੱਲ ਲੈਂਦੀ ਸੈਂ
ਜਿਨ੍ਹਾਂ ਨੂੰ ਅੱਜ ਕੋਈ ਗਹਿਣੇ ਨਹੀਂ ਧਰਦਾ

-0-

ਜੇ ਆਪਣੀ ਆਪਣੀ ਪਹਿਚਾਣ ਹੈ ਇਹੋ
ਤਾਂ ਬਚਪਨ ਨਾਂ ਦੀ ਕੋਈ ਚੀਜ਼ ਨਹੀਂ
ਤੇ ਮੈਂ ਹੁਣ ਤਕ ਜੋ ਜੀਵਿਆ ਹਾਂ
ਤਾਂ ਜ਼ਿੰਦਗੀ ਨਹੀਂ
ਸਗੋਂ ਭਿੱਖ ਮੰਗੀ ਹੈ
ਤੇਰਿਆਂ ਖ਼ਿਆਲਾਂ ਤੋਂ
ਤੇਰੀਆਂ ਯਾਦਾਂ ਤੋਂ
ਇਕ ਧੁੰਦਲੇ ਤੇ ਤੋਤਲੀ ਜ਼ੁਬਾਨ
ਵਾਲੇ ਚਿਹਰੇ ਲਈ
ਜੋ ਕੱਲ੍ਹ ਤਕ ਸਾਬਤ ਸੀ
ਅੱਜ ਤਿੜਕ ਗਿਆ ਹੈ

----

## ਕਾਲਾ ਚਾਨਣ

ਉਦਾਸ ਸ਼ਹਿਰ
ਉਦਾਸ ਲੋਕ
ਇਸ ਜ਼ੋਕਰ ਦੀ ਕਲਾ ਨੂੰ ਕੀ ਜਾਨਣ
ਪਰ ਸ਼ਾਇਦ
ਇਹ ਬਿੱਟ ਬਿੱਟ ਤੱਕਦੀਆਂ ਅੱਖ਼ਾਂ
ਕਈ ਵਾਰੀ
ਖ਼ੁਦਕੁਸ਼ੀ ਦੀ ਸਰਦਲ ਤੋਂ ਮੁੜੀਆਂ ਹਨ
ਤੇ ਹੁਣ ਇਨ੍ਹਾਂ ਨੇ ਮੌਨ ਧਾਰਿਐ

-0-

ਸੜਕਾਂ ਤੇ ਸਬਜ਼ੀਆਂ ਵਾਂਗ ਜ਼ਹਿਰ ਵਿਕਦਾ ਹੈ
ਪਰ ਕਬਰਸਤਾਨ ਦਾ ਠੇਕੇਦਾਰ
ਰੋਜ਼ ਟਕੇ ਦਾ ਤੇਲ ਬਾਲ ਕੇ ਤੁਰ ਜਾਂਦਾ ਹੈ
ਜ਼ਹਿਰ
ਉਂਝ ਇੰਨਾ ਖਾਲਸ ਹੈ
ਕਿ ਅੱਜ ਤਕ ਪਤਾ ਨਹੀਂ ਲੱਗਾ
ਸਬਜ਼ੀ ਤੇ ਜ਼ਹਿਰ ਦੇ ਸੁਆਦ ਦਾ

-0-

ਪੱਥਰ ਹੋਏ ਲੋਕਾਂ ਦੇ ਮੂੰਹ ਖੁੱਲ੍ਹੇ ਹਨ
ਕੋਈ ਲਫ਼ਜ਼ ਤਾਂ ਬਣਦਾ ਹੈ
ਪਰ ਮੁੜ ਮੁੜ ਕੇ ਨਜ਼ਰ
ਪੱਥਰ ਦੇ ਬੁੱਤਾਂ ਤੋਂ ਹਟ ਕੇ
ਪਹਿਲੀ ਦੇ ਕਾਇਦੇ ਤੇ ਪੈਂਦੀ ਹੈ

-0-

ਪੈਂਤੀ ਅੱਖਰੀ ਤੱਕਦਿਆਂ ਹਰ ਜੋਕਰ
ਇਸ ਸ਼ਹਿਰ ਦਾ ਕਿਉਂ ਅੰਗ ਬਣ ਜਾਂਦੈ
ਪਤਾ ਨਹੀਂ
ਸ਼ਹਿਰ ਉਦਾਸ ਹੁੰਦਾ ਜਾ ਰਿਹੈ
ਲੋਕ ਉਦਾਸੀ ਤੋਂ ਪੱਥਰਾ ਗਏ

-----

## ਇਕ ਦੋਸਤ ਦਾ ਰੇਖਾ ਚਿੱਤਰ

ਤੇਰੀ ਕਵਿਤਾ ਲਿਖਣ ਜੇ ਬੈਠਾਂ
ਅੱਖਰਾਂ ਦੇ ਕੋਝੇਪਣ ਤੋਂ ਡਰ ਜਾਂਦਾ ਹਾਂ
ਅੱਖਰਾਂ ਦੀ ਨਾ ਆਪਣੀ ਲੋਅ ਹੈ
ਇਨ੍ਹਾਂ ਅੱਖਰਾਂ ਚੋਂ.
ਜੇ ਕਵਿਤਾ ਫੁੱਟ ਪਵੇ
ਜਾਂ ਤੇਰੀ ਹੋਂਦ ਨੂੰ ਜੋੜੇ ਤੋੜੇ
ਤਾਂ ਇਹ ਲੂਲੇ ਲੰਗੜੇ ਅੱਖਰ
ਡੱਬ ਖੜੱਬਾ ਹਨ੍ਹੇਰਾ ਬਣਕੇ
ਚਾਨਣ ਸੁਲਫ਼ਈ ਲਾਟ ਜਿਹੇ
ਪੈਰੋਂ ਨਿੱਕੀ ਵਾਟ ਜਿਹਾ
ਭਰਮ ਦੀ ਬੋਲੀ ਵਿਚ ਢੱਕ ਲੈਂਦੇ

-0-

ਸੱਜਣਾਂ
ਇਨ੍ਹਾਂ ਅੱਖਰਾਂ ਖ਼ਾਤਰ
ਤੇਰਾ ਖ਼ੂਨ ਕਿਵੇਂ ਕਰ ਦੇਂਵਾਂ
ਤੇਰੀ ਕਵਿਤਾ ਕਿਵੇਂ ਲਿਖਾਂ ਮੈਂ
ਤੇਰੇ ਕੋਮਲ ਨਾਂਅ ਦੀ ਹਿੱਕ ਤੇ
ਅੱਖਰੀਂ ਕੋਹੜ ਕਿਵੇਂ ਧਰ ਦੇਵਾਂ
ਅਨੁਭਵਹੀਣ ਇਹ ਅੱਖਰ
ਤੇਰਾ ਮੇਰਾ ਮੇਰਾ ਤੇਰਾ
ਪਾਣੀਓਂ ਪਤਲਾ ਲਹੂ ਤੋਂ ਗਾੜ੍ਹਾ
ਨਾਂਅ ਦਾ ਰਿਸ਼ਤਾ ਕੀ ਜਾਨਣਗੇ
ਕੀ ਸਮਝਣਗੇ

-----

## ਜ਼ਖ਼ਮ

ਜਿਉਂ ਜਿਉਂ ਨਜ਼ਰ ਤਿਲਕ ਕੇ
ਭੀੜਾਂ ਤੇ ਪੈਂਦੀ ਹੈ
ਉਦਾਸ ਮੌਤ ਅੰਗੜਾਈ ਲੈਂਦੀ ਹੈ
ਤੇ ਲੂਣ ਦੀ ਡਲੀ ਵਾਂਗ
ਖੁਰ ਰਿਹਾ ਮਨੁੱਖ ਦਾ ਆਪਾ
ਕੰਧ ਨਾਲ ਲੱਗੇ ਸਹਿਮੇ ਬੱਚੇ ਵਾਂਗ
ਆਪਣੀਆਂ ਅੱਖ੍ਹਾਂ ਤੋਂ ਹੱਥ ਨਹੀਂ ਚੁੱਕਦਾ

-0-

ਭੀੜਾਂ ਉਜਾੜਾਂ ਦੀ ਦੁਬਿਧਾ ਵਿਚ ਲਟਕਦਾ
ਮਨੁੱਖ ਦਾ ਜ਼ਿਹਨ ਹੀ ਨਹੀਂ
ਕੋਈ ਵੀ ਅੰਗ ਹੋ ਸਕਦੈ
ਮੈਂ ਸਾਂ ਕਿ ਤੂੰ ਸੈਂ
ਇਹ ਜਾਣਨਾ ਔਖਾ ਸੀ
ਸਾਡੇ ਵਿਛੜਣ ਤੋਂ ਪਿੱਛੋਂ
ਕੌਣ ਕਿਸ ਤੋਂ ਵਿਛੜਿਆ
ਬੱਸ ਕੁੱਝ ਗੱਲਾਂ ਜ਼ਖ਼ਮੀ ਸਨ
ਕੁੱਝ ਨਜ਼ਰ ਦੇ ਟੋਟਿਆਂ ਤੇ ਪਲੱਤਣ ਸੀ

-0-

ਉਹ ਜ਼ਖ਼ਮ ਕਿੰਨਾ ਕੁ ਗਹਿਰਾ ਸੀ
ਜਦ ਧਰਤੀ ਖੋਦਿਆਂ ਪਾਣੀ ਸਿਮ
ਆਉਂਦਾ ਸੀ
ਤੇ ਆਪਣੇ ਘਰ ਦੀਆਂ ਕੰਧਾਂ
ਰੋੜ੍ਹ ਤੋਂ ਬਚਾਉਂਦੇ ਸਾਂ

-0-

ਹੁਣ ਮਿਲਣ ਹੈ
ਕਿਸੇ ਗੱਲ ਤੇ ਝਰੀਟ ਤਕ ਨਹੀਂ
ਪਰ ਪਤਾ ਨਹੀਂ ਕਿਉਂ
ਪਾਣੀ ਸਿਮਣ ਤੇ ਵੀ
ਧਰਤੀ ਤੇ ਤਰਸ ਨਹੀਂ ਆਉਂਦਾ
ਨਜ਼ਰ ਦੇ ਟੋਟਿਆਂ ਤੇ ਪਲੱਤਣ ਦੀ ਛੋਹ ਤਕ ਨਹੀਂ
ਫਿਰ ਵੀ ਹਵਾ ਦਾ ਪਿੰਡਾ
ਚੁੰਮਣ ਨੂੰ ਦਿਲ ਨਹੀਂ ਕਰਦਾ

-0-

ਯਾਰ ਦੇ ਸਾਹਾਂ ਦੀ ਮਹਿਕ
ਦਰ ਖੜਕਾਉਂਦੀ ਹੈ
ਨਾ ਦਿਲ ਨੂੰ ਨਾ ਜ਼ਿਹਨ ਨੂੰ
ਬੱਸ ਹੱਥਾਂ ਨੂੰ
ਇਕ ਗੱਲ ਯਾਦ ਆਉਂਦੀ ਹੈ
ਇਕ ਨਜ਼ਰ ਦਾ ਟੋਟਾ
ਨਦੀ ਦੇ ਜਲ 'ਚ ਪ੍ਰਵਾਇਆ ਸੀ
ਸੂਰਜ ਮਿਟ ਗਿਆ ਅੰਬਰੋਂ
ਹਨ੍ਹੇਰਾ ਧਰਤ ਵਿਹੜੇ ਉਤਰ ਆਇਆ ਸੀ
ਹੁਣ ਕਿਹੜਾ ਮੂੰਹ ਲੈ ਕੇ
ਦਰਵਾਜ਼ੇ ਤੇ ਖੜੀ ਮਹਿਕ ਸਾਵੇਂ ਜਾਈਏ
ਚਿਹਰਾ ਤਾਂ ਆਪਣਾ ਹੈ
ਦਰਪਣ ਪਰਾਇਆ ਸੀ

----

# ਕਰਜ਼ਾਈ ਪੁੱਤਰ

ਮਾਂ
ਮੈਂ ਜਿਹੜੇ ਸੁਫ਼ਨੇ ਅੱਜ ਤਕ ਲਏ ਨੇ
ਉਨ੍ਹਾਂ ਦੀ ਹਕੀਕਤ ਕਿਵੇਂ ਹੋ ਸਕਦੈ ਤੂੰ ਨਹੀਂ
ਦੱਸ ਖਾਂ ਭਲਾ
ਤੂੰ ਕਿਉਂ ਕਈ ਵਾਰੀ
ਮਾਂ ਤੋਂ ਵੀ ਵੱਧ ਮਸ਼ੂਕ ਲੱਗਦੀ ਹੈਂ

-0-

ਮਾਂ
ਮੈਂ ਚਾਹੁੰਦਾ ਹਾਂ
ਆਪਣਾ ਜ਼ਖ਼ਮ ਚੱਟ ਲਵਾਂ
ਪਰ ਮੇਰੀ ਜੀਭ
ਮੇਰੀ ਗਰਦਨ ਤਕ ਨਹੀਂ ਜਾਂਦੀ
ਮੈਂ ਰੋਜ਼ ਮਰ ਮਰ ਕੇ ਜੀਂਦਾ ਹਾਂ
ਜੀਅ ਜੀਅ ਕੇ ਮਰਦਾ ਹਾਂ

-0-

ਮਾਂ ਤੂੰ ਮੈਨੂੰ ਜਨਮ ਦੇ ਕੇ
ਜਿਹੜਾ ਅਪਰਾਧ ਕੀਤਾ ਹੈ
ਮੈ ਤੈਨੂੰ ਮੁਆਫ਼ ਕੀਤਾ ਹੈ
ਤੂੰ ਜੀਅ ਦਿਲ ਖੋਲ੍ਹਕੇ ਜੀਅ
ਮੇਰਾ ਕੀ
ਮੈਂ ਜੀਅ ਲਵਾਂਗਾ
ਕਿਤੇ ਜੇ ਵਿਹਲ ਮਿਲ ਗਈ

-0-

ਮੈ ਮੈਨੂੰ ਪੀਣਾ ਪੈ ਰਿਹਾ ਹੈ
ਉਹ ਮਿਲਵਾਂ ਜਿਹਾ ਜ਼ਹਿਰ
ਜੋ ਤੈਨੂੰ ਕਿਸੇ ਨੇ ਮਰਨ ਲਈ ਦਿੱਤਾ
ਤੇ ਤੂੰ ਕਿਸੇ ਦੀ ਖ਼ੁਸ਼ੀ ਲਈ ਪੀਤਾ

-0-

ਮਾਂ
ਉਹ ਕਿਹੜੀ ਧਰਤ ਹੈ
ਜਿਹਦੇ ਸਾਊਪੁਣੇ ਦੀ ਗੱਲ ਕਰਦੀ
ਥੱਥਲਾ ਜਾਂਦੀ ਸੈਂ
ਤੇ ਤੇਰੀਆਂ ਅੱਖ਼ਾਂ 'ਚ ਅਟਕ ਜਾਂਦਾ ਸੀ
ਮੇਰੇ ਜਿਹਾ ਕੋਈ ਅਵਾਰਾਗਰਦ ਚਿਹਰਾ

-0-

ਮਾਂ
ਅੱਜ ਮੈਂ ਕਿਸ ਥਾਂ ਤੇ ਖੜ੍ਹਾ ਹਾਂ
ਮਾਂ
ਮੈਨੂੰ ਉਸ ਸਾਊ ਧਰਤ ਦੀ ਗੱਲ ਸੁਣਾ
ਮਾਂ
ਮੈਂ ਰਾਹਾਂ ਵਾਂਗੂੰ ਪਾਟਣਾ ਨਹੀਂ ਚਾਹੁੰਦਾ
ਮਾਂ ਦਿਲ ਖੋਲ੍ਹ ਕੇ ਜੀਅ
ਤੇ ਮੇਰੇ ਠਰ ਰਹੇ ਅੰਗਾਂ ਨੂੰ
ਸਮੇਟ ਲੈ ਆਪਣੀਆਂ ਨੰਗੀਆਂ ਬਾਹਾਂ 'ਚ
ਕਿ ਮੌਤ ਨਿਗਲ ਜਾਏ ਮੈਨੂੰ
ਚੱਬ ਜਾ ਪੁੱਤਰ ਦਾ ਰਿਸ਼ਤਾ
ਤੇ ਮਰਨ ਦੇ ਮੈਨੂੰ ਸੁਰਖ਼ਰੂ ਹੋ ਕੇ

----

## ਜੀਵਨ ਦਾਨ

ਰਾਤ ਲੰਘਦੀ ਜਾ ਰਹੀ
ਸਵੇਰੇ ਦਿਨ ਨੇ
ਅੱਖੀਆਂ 'ਚ ਘਸੁੰਨ ਲੈ ਕੇ
ਰੂੰ ਰੂੰ ਕਰਦਿਆਂ ਆਉਣਾ
ਕਿੱਥੋਂ ਦਏਂਗਾ ਉਸਨੂੰ
ਤੇਰੀ ਤਾਂ ਉਮਰ ਦੀ ਗੁਥਲੀ 'ਚ
ਇਕੋ ਦਮ ਹੈ ਬਾਕੀ
ਕਿਵੇਂ ਸੁਣੇਗਾ
ਬੰਦ ਕਮਰੇ 'ਚ ਸ਼ੋਰ ਕੰਧਾਂ ਦਾ
ਕਿਵੇਂ ਕੰਨਾਂ 'ਚ ਲੋਹਾ ਪਾ ਕੇ
ਪੈਰੋਂ ਸਫ਼ਰ ਦੇ ਬੂਟ ਲਾਵੇਂਗਾ
ਮੈਂ ਜਾਣਦਾ ਹਾਂ
ਸੜਕ ਨੇ ਜਦ ਵੀ ਅੰਗੜਾਈ ਲਈ
ਕਰ ਲਵੇਗਾ ਸਿਰ ਤੇ ਕਰਜ਼ਾ ਹੋਰ ਤੂੰ

–0–

ਦੇਖ ਦੀਵਾ ਬਲ ਰਿਹਾ
ਦੇਖ
ਅੱਖਰ ਪੁਸਤਕਾਂ ਚੋਂ ਨਿਕਲ ਕੇ
ਨੱਚਦੇ ਪਏ
ਸੁਣ ਜ਼ਰਾ
ਘੁਣ ਦਾ ਕੀੜਾ ਸ਼ਤੀਰੀ ਖਾ ਰਿਹਾ
ਔਹ ਵੇਖ ਮੱਕੜੀ
ਜਨਮ ਪੀੜਾ ਸਹਿ ਰਹੀ
ਔਹ ਦੇਖ ਰਾਤ ਗਿੱਟੇ ਗਿੱਟੇ ਰਹਿ ਗਈ

–0–

ਖੋਲ੍ਹ ਬੂਹਾ ਨਿਕਲ ਜਾ

ਸਾਂਭ ਬੁੱਚਕੀ ਸਮੇਂ ਦੀ
ਚਾਦਰ ਦੇ ਪੱਲੇ ਵਿਚ ਬੰਨ੍ਹ
ਮੈਲੇ ਜਿਹੇ ਇਸ ਅਰਸ਼ ਨੂੰ
ਤੇਰਿਆਂ ਕਦਮਾਂ ਲਈ ਰਾਹਾਂ ਲੰਮੀਆਂ
ਤੇਰੀਆਂ ਰਾਹਾਂ ਲਈ ਮੰਜ਼ਿਲਾਂ ਭਾਰੀਆਂ

-0-

ਤੇਰਾ ਸਫ਼ਰ
ਮੁਕਤੀ ਤੇ ਆ ਮੁਕਦਾ ਨਹੀਂ
ਤੇਰਾ ਸਫ਼ਰ
ਕਿਸੇ ਕਬਰ 'ਚ ਰੁਕਦਾ ਨਹੀਂ
ਤੇਰਾ ਸਫ਼ਰ ਹੈ
ਜਿਉਣ ਦਾ ਤੇ ਮਰਨ ਦਾ
ਤੇਰਾ ਸਫ਼ਰ ਹੈ
ਜ਼ਿੰਦਗੀ ਨੂੰ ਖ਼ੂਬਸੂਰਤ ਕਰਨ ਦਾ

-0-

ਮਰ ਜਾਏਂਗਾ
ਦੁਬਿਧਾ ਵਿਚ ਹੀ ਲਟਕਦਾ
ਕੀ ਫ਼ਰਕ ਪੈਣਾ ਏ ਦੱਸ ਖਾਂ ਜੱਗ ਨੂੰ
ਹੁਣ ਤਕ ਕਿਤੇ ਅੱਪੜ ਜਾਣਾ ਸੀ ਤੂੰ
ਪਾਗਲਾ
ਇਕ ਦਮ ਪੂਰੀ ਉਮਰ ਹੈ
ਉਂਞ ਤੂੰ ਉਮਰ ਹੰਢਾ ਕੇ ਵੇਖ ਲਈ
ਕਰ ਗੁਜ਼ਰ ਕੁੱਝ
ਭਲਕ ਕਿਸ ਨੇ ਵੇਖਿਆ
ਰੱਬ ਤੇ ਧਰਮ ਵੱਡਾ ਭਰਮ ਨੇ
ਤੇਰਿਆਂ ਪੈਰਾਂ 'ਚ ਧਰਤੀ ਅਰਸ਼ ਨੇ
ਤੇਰਿਆਂ ਹੱਥਾਂ 'ਚ ਤੇਰੇ ਕਰਮ ਨੇ

-----

# ਇਕ ਮੱਛਲੀ ਦਾ ਗੀਤ

ਸੋਚਦੀ ਹਾਂ
ਜ਼ਿੰਦਗੀ ਜੇ ਇਸ ਤਰ੍ਹਾਂ ਚਲਦੀ ਰਹੀ
ਕਿਸ ਤਰ੍ਹਾਂ ਲੱਭਾਂਗੀ ਤੇਰੀ ਡਾਚੀ ਦਾ ਖੁਰਾ
"ਕੰਮ ਦਾ ਤੇ ਫ਼ਾਲਤੂ"
ਸਭ ਕੁੱਝ ਨਾਲ ਲੈ ਕੇ ਤੁਰ ਗਿਓਂ
ਦੱਸੀਏ ਤੈਨੂੰ ਵੇ ਕੀ ਪ੍ਰਦੇਸੀਆ
ਸ਼ਾਂਤ ਵਗਦੀ ਨਦੀ 'ਚ
ਇਕ ਮਗਰਮੱਛਨੀ ਸੂ ਪਈ
ਹੱਸਦਿਆਂ ਅੰਬਰ ਦੇ ਮੂੰਹ ਚੋਂ ਦੰਦ ਕਿਰੇ
ਰੋਂਦਿਆਂ ਇਹ ਧਰਤ ਅੰਨ੍ਹੀ ਹੋ ਗਈ
ਉੱਗ ਪਏ ਨੇ ਸਾਡੀਆਂ ਛੱਤਾਂ ਤੇ ਰੁੱਖ
ਹੂੰਝਦੇ ਹਾਂ ਰੋਜ਼ ਲਾਸ਼ਾਂ ਵਿਹੜਿਓਂ

-0-

ਰੋਜ਼ ਕਿਨ੍ਹਿਆਂ ਦਿਨਾਂ ਦੇ ਬਲਦੇ ਸਿਵੇ
ਰੋਜ਼ ਕਿਨ੍ਹੀਆਂ ਰਾਤਾਂ ਕਾਲਖ਼ ਜੰਮਦੀਆਂ
ਲੱਗ ਗਈ ਆ ਝੱੜੀ ਚੰਨਾ ਸੋਗ ਦੀ
ਔਲਿਆਂ ਵਾਂਗੂੰ ਨੇ ਝੜ ਝੜ ਡਿੱਗ ਰਹੇ
ਟੰਗ ਗਿਆ ਸੈਂ ਅੰਬਰੀਂ ਜਿਹੜੇ ਫ਼ਾਨੂਸ

-0-

ਆ ਗਈ ਹਾਂ ਲਹੂ ਦੇ ਮਲਬੇ ਹੇਠ
ਫਿਰ ਹੰਢਾਉਣੀ ਪੈ ਰਹੀ ਹੈ ਸਿੱਪੀ ਜੂੰਨ
ਸੋਚਦੀ ਹਾਂ
ਜ਼ਿੰਦਗੀ ਜੇ ਇਸ ਤਰ੍ਹਾਂ ਚਲਦੀ ਰਹੀ
ਕਿਸ ਤਰ੍ਹਾਂ ਲੱਭਾਂਗੀ ਤੇਰੀ ਡਾਂਚੀ ਦਾ ਖੁਰਾ

----

# ਉਹ ਲੋਕ

ਜ਼ਿੰਦਗੀ ਦਾ ਕੋਹਲੂ
ਦਿਨ ਰਾਤ ਚਲਦਾ ਰਿਹਾ
ਪਹਿਲੇ ਪਹਿਰ ਦੇ ਪਿੱਛੋਂ
ਘੜੀ ਕੁੱਝ ਰੋਈ ਤੇ ਹੱਸੀ
ਟੇਬਲ ਤੇ ਖਿਲਰੀਆਂ ਪੁਸਤਕਾਂ
ਕੁੱਝ ਇਸ ਤਰ੍ਹਾਂ ਮੁਸਕਰਾਈਆਂ
ਜਿਵੇਂ ਸੰਡੇ ਨੂੰ
ਮੇਰੀ ਬੱਚੀ ਦੇ ਬੋਲ ਮੁਸਕਰਾਉਂਦੇ
"ਡੈਡੀ ਅੱਜ ਸਕੂਲੇ ਛੁੱਟੀ ਹੈ"

-0-

ਘੜੀ ਦੀ ਟਿੱਕ ਟਿੱਕ ਨਾਲ
ਰਾਤ ਦਿਨ ਤੇ ਮੈਂ ਆਪਣੇ ਆਪ ਨੂੰ ਜੋੜਦੇ
ਮੈਨੂੰ ਲੱਗਦਾ ਗ਼ਮਲੇ ਵਿਚਲਾ ਫੁੱਲ
ਸੂਰਜ ਉੱਗਣ ਤੋਂ ਪਹਿਲਾਂ
ਚਿੜੀਆਂ ਖਾ ਜਾਣਾ ਹੈ

-0-

ਰਾਤ ਸਿਰਫ਼
ਮੇਰੇ ਕਮਰੇ 'ਚ ਚੜ੍ਹੀ ਹੈ
ਮੈਂ ਆਪਣੇ ਕੋਟ ਤੇ ਪੈਂਟ ਦੇ ਬੋਝੇ ਫੋਲਦਾ
ਮੈਨੂੰ ਕਲਮ ਨਾ ਲੱਭਦੀ
ਤੇ ਕੰਧਾਂ ਤੇ ਹਜ਼ਾਰਾਂ ਚਿਹਰੇ
ਮੂੰਹ ਪਾੜ ਕੇ ਕਹਿੰਦੇ
ਅਸਾਂ ਰਾਤ ਨੂੰ ਦਿਨ ਵਾਂਗੂੰ ਹੰਢਾਇਆ ਹੈ
ਅਸਾਂ ਰਾਤ ਨੂੰ ਦਿਨ ਵਾਂਗੂੰ ਹੰਢਾਇਆ ਹੈ

-0-

ਮੈਨੂੰ ਘੜੀ
ਇਸ ਵਾਰ ਹੱਸਦੀ ਨਾ ਰੋਂਦੀ
ਸਗੋਂ ਪੁੱਠੀ ਲਟਕਦੀ ਦਿੱਸਦੀ
ਮੈਂ ਆਪਣੇ ਆਪ ਤੇ ਰੋਂਦਾ
ਕਿ ਕਿੱਥੇ ਲਟਕਦਾ ਹਾਂ ਮੈਂ
ਘੜੀ ਪੁਸਤਕਾਂ ਰਾਤ ਦਿਨ
ਸਭ ਚਿਹਰੇ ਤੇ ਮੈਂ
ਪਹਿਲਾਂ ਤਾਂ ਕਦੇ ਇਸ ਤਰ੍ਹਾਂ ਨਹੀਂ ਲੱਗੇ

-0-

ਮੈਂ ਝੱਟ ਆਪਣਾ ਮੂੰਹ
ਰਜਾਈ ਵਿਚ ਦੇ ਲੈਂਦਾ
ਕਿਤੇ ਇਹ ਲੋਕ
ਮੈਨੂੰ ਦੇਖ ਹੀ ਨਾ ਲੈਣ
ਸੜਕ ਤੇ ਜਾਂਦੇ ਨੂੰ
ਕਿਤੇ ਆਵਾਜ਼ ਨਾ ਮਾਰਨ
ਮੈਨੂੰ ਇਹ ਸਭ ਚੀਜ਼ਾਂ
ਇੱਟ ਵਾਂਗੂੰ ਵੀਰਾਨ ਖੂਹ 'ਚ ਸੁੱਟ ਦਿੰਦੀਆਂ

-0-

ਮੈਂ
ਅਖ਼ਬਾਰਾਂ ਤੇ ਸੁਰਖ਼ੀਆਂ
ਬਣ ਬਣ ਦੌੜਦਾ
ਸੂਰਜ ਚੜ੍ਹਣ ਤੇ ਵੀ
ਮੇਰੇ ਲਈ ਹੁਣ ਤਾਰੇ ਨਹੀਂ ਛੁੱਪਦੇ
ਤੁਸੀਂ ਕਹੋਗੇ
ਮੈਂ ਤੁਹਾਡੇ ਨਾਲ ਕੋਈ ਮਜ਼ਾਕ ਕ਼ੀਤਾ ਹੈ
ਪਰ ਨਹੀਂ
ਮੈਂ ਤੁਹਾਡਾ ਅੰਦਰ ਗਾਹ ਚੁੱਕਾ ਹਾਂ
ਤੁਸੀਂ ਹੁਣ
ਮੇਰੇ ਤੋਂ ਮੇਰੇ ਮੁੜਣ਼ ਦੀ ਆਸ ਨਾ ਰੱਖੋ

----

## ਕੈਦੀ

ਓ ਕੈਦੀ
ਕਿੰਨੇ ਸੁੰਦਰ ਸਨ ਤੇਰੇ ਨਕਸ਼
ਕਿੰਨਾ ਸੁਡੋਲ ਸੀ ਤੇਰਾ ਜੁੱਸਾ
ਓ ਕ਼ੈਦੀ
ਤੈਨੂੰ ਇਕ ਪਹਾੜਨ ਕੁੜੀ ਯਾਦ ਕਰਦੀ ਹੈ
ਪਹਾੜੀ ਹਵਾ ਵਾਂਗੂੰ ਅੱਥਰੀ ਅਣਥੱਕ ਕੁੜੀ
ਜਿਸ ਦਾ ਨਾਂਅ ਸਮੇਂ ਸਮੇਂ ਬਦਲਦਾ ਹੈ

-0-

ਓ ਕੈਦੀ
ਉਹ ਕੋਹੜ ਜਿਸਦਾ ਨਾਂਅ
ਸੁਣਦੇ ਸਾਰ ਹੀ
ਤੂੰ ਤੁਰ ਪਿਆਂ ਸੈਂ
ਆਪਣੇ ਲੱਕ ਦੁਆਲੇ
ਬੰਨ੍ਹ ਕੇ ਫਾਂਸੀ ਦਾ ਰੱਸਾ
ਉਹ ਕੋਹੜ
ਭੇਡਾਂ ਬੱਕਰੀਆਂ ਦੇ ਵਾੜਿਆਂ
ਤਕ ਪਸਰ ਗਿਆ ਹੈ
ਤੇ ਉਹ ਸਮਾਂ
ਜੋ ਗੋਲ ਦਾਇਰਾ ਵਾਹ ਕੇ
ਵਕਤ ਦੱਸਦਾ ਸੀ
ਦਿੱਲੀ ਦੇ ਚਿੜੀਆ ਘਰਾਂ 'ਚ
ਭਰਤੀ ਹੋ ਗਿਆ ਹੈ
ਤੇ ਅੱਜ ਕੱਲ੍ਹ
ਜੰਗਲੀ ਬੰਦੇ ਦਾ ਰੋਲ ਕਰਦਾ
ਸਾਰਾ ਸਾਰਾ ਦਿਨ ਨਹੀਂ ਥੱਕਦਾ

-0-

ਉਹ ਕੈਦੀ
ਤੇਰੀ ਮਾਂ ਸਤੀ ਸਵਿੱਤਰੀ ਨਹੀਂ ਰਹੀ
ਸਗੋਂ ਇਕ ਪੇਸ਼ਾਵਰ ਔਰਤ ਹੈ
ਜੋ ਰੋਜ਼ ਤ੍ਰਕਾਲੀਂ
ਆਪਣੇ ਹੱਡਾਂ ਤੇ
ਆਪਣੀਆਂ ਤਲੀਆਂ ਗਰਮ ਕਰਦੀ ਹੈ
ਤੇ ਆਪਣੀਆਂ ਅੱਖ੍ਹਾਂ ਮਟਕਾਂਦੀ ਹੋਈ
ਬਜ਼ਾਰਾਂ 'ਚ ਤੇ ਸੜਕਾਂ ਤੇ
ਗਾਹਕ ਭਾਲਦੀ ਹੈ
ਪਰ ਸ਼ਾਇਦ
ਉਸਦਾ ਪਿੰਡਾ ਬੁੱਸ ਗਿਆ ਹੈ
ਤੇ ਬੋਦੀਆਂ ਵਾਲੇ ਲੁੰਡੇ ਸ਼ੇਰ ਹੁਣ
ਉਸਦਾ ਮਾਸ ਨਹੀਂ ਖਾਂਦੇ

-0-

ਓ ਕੈਦੀ
ਉਹ ਹਰੀ ਟੋਪੀ ਵਾਲੀ ਪਹਾੜੀ
ਜਿਸਦੇ ਸੁੰਦਰ ਨਕਸ਼ਾਂ ਦੇ ਗੀਤ
ਹਰ ਪਹਾੜੀ ਗਾਉਂਦਾ ਸੀ
ਰੱਬ ਤੋਂ ਵੀ ਵੱਧ ਦਿਆਲੂ ਸਨ
ਜਿਸਦੀਆਂ ਅੱਖ੍ਹਾਂ
ਉਹ ਪਹਾੜੀ ਬਹੁਤ ਬੁੱਢੀ ਹੋ ਗਈ ਹੈ
ਮੂੰਹ ਵਿਚ ਕੋਈ ਦੰਦ ਨਹੀਂ
ਸਿਰ ਦੇ ਵਾਲ ਝੜ ਗਏ ਹਨ
ਉਹ ਕੈਦੀ ਉਹ ਪਹਾੜੀ
ਤੇਰੇ ਤੇ ਮੇਰੇ ਹਾਣ ਦੀ ਹੈ
ਮੇਰੇ ਤੇ ਤੇਰੇ ਹਾਣ ਦੀ ਹੈ

-----

## ਮੁਖ਼ਾਤਬ

ਧੂੰਏਂ 'ਚ ਛੁਪੀ ਅੱਗ
ਕਿੰਨਾ ਕੁ ਚਿਰ ਹੋਰ ਸਾਡੇ ਹੱਡ ਠਰ੍ਹਦੇ ਰਹਿਣਗੇ
ਕਿੰਨਾ ਕੁ ਚਿਰ
ਉਨ੍ਹਾਂ ਦਾ ਕਤਲ ਕੀਤਾ ਜਾਏਗਾ
ਜਿਨ੍ਹਾਂ ਨੂੰ ਵਰ ਹੈ
ਸਿਰ ਤਲੀ ਤੇ ਲੈ ਕੇ ਜੰਮਣ ਦਾ

-0-

ਮੱਚ ਪੈ ਗਈ
ਆਪਣੀ ਲਾਜ ਆਪ ਰੱਖ
ਤੂੰ ਜਾਣਦੀ ਹੈਂ ਸਾਡਾ ਇਤਿਹਾਸ
ਚਾਂਦਨੀ ਚੌਕ 'ਚ ਸਾਡੇ ਬਾਪੂ ਦਾ ਕਤਲ
ਤੇਰੇ ਆਸ਼ਕਾਂ ਦੀ ਅਵਾਜ਼
ਸ਼ਰਹੰਦ ਦੀਆਂ ਕੰਧਾਂ
ਚਮਕੌਰ ਦੀ ਗੜ੍ਹੀ
ਤੇ ਮਾਛੀਵਾੜੇ ਦੇ ਜੰਗਲਾਂ 'ਚ
ਹੁਣ ਵੀ ਗੂੰਜਦੀ ਹੈ

-0-

ਅਸੀਂ ਆਪਣੇ ਬੋਲਾਂ ਦੇ ਅਰਥਾਂ ਨੂੰ
ਸਮਝ ਕੇ ਤੁਰੇ
ਅਸੀਂ ਆਪਣੀ ਹੋਂਦ ਨਾਲ
ਜਦ ਵੀ ਟਕਰਾਏ
ਤਾਂ
ਸਾਡੇ ਆਪਣੇ ਬੋਲ ਲਹੂ ਸੰਗ ਰੰਗੇ ਗਏ
ਮਾਛੀਵਾੜਾ ਉਦਾਸ ਉਦਾਸ ਜਾਪਿਆ
ਸਰਹੰਦ ਦੀਆਂ ਕੰਧਾਂ, ਚਮਕੌਰ ਦੀ ਗੜ੍ਹੀ
ਗੱਡੀ ਥੱਲੇ ਆ ਕੇ ਮਰ ਗਈਆਂ

-0-

ਮੱਚ ਪੈ ਹੁਣ ਤੇ
ਧੂੰਏਂ 'ਚ ਧੁੱਖਦੀਏ ਅੱਗੇ
ਸਾਡੇ ਮਰਨ ਤੋਂ ਪਹਿਲਾਂ
ਸਾਡੇ ਕਾਤਲਾਂ ਨੂੰ ਤੇਰਾ ਸੇਕ ਤਾਂ ਲੱਗੇ

-0-

ਏ ਦਇਆ ਦੀ ਦੇਵੀ
ਅਸੀਂ ਸਿਰਾਂ ਦੀ ਸਮੱਗਰੀ
ਤੇਰੀ ਭੇਂਟ ਕਰਦੇ ਹਾਂ
ਤੇਰੇ ਹੁਕਮ 'ਚ ਰਹਿ ਕੇ
ਹੱਥੀਂ ਤਲਵਾਰ ਫੜਦੇ ਹਾਂ
ਤੂੰ ਪ੍ਰਗਟ ਹੋ
ਤੇ ਰੌਸ਼ਨ ਕਰਦੇ ਕੁੱਲੀਆਂ ਕੋਠੇ
ਮੇਹਣਾ ਲਾਹ ਉਨ੍ਹਾਂ ਹਨ੍ਹੇਰੇ ਦਿਨਾਂ ਦਾ
ਜਿਨ੍ਹਾਂ
ਸਦੀਆਂ ਤੋਂ ਸੂਰਜ ਦਾ ਮੂੰਹ ਨਹੀਂ ਤੱਕਿਆ

-0-

ਧੂੰਏਂ 'ਚ ਛੁੱਪੀ ਅੱਗ
ਕਿੰਨਾ ਕੁ ਚਿਰ ਸਾਡੇ ਹੱਡ ਠਰਦੇ ਰਹਿਣਗੇ
ਕਿੰਨਾ ਕੁ ਚਿਰ
ਉਨ੍ਹਾਂ ਦਾ ਕਤਲ ਕੀਤਾ ਜਾਏਗਾ
ਜਿਨ੍ਹਾਂ ਨੂੰ ਵਰ ਹੈ
ਸਿਰ ਤਲੀ ਤੇ ਲੈ ਕੇ ਜੰਮਣ ਦਾ

----

# ਕੱਲ੍ਹ ਦੀ ਸੂਲੀ ਅੱਜ ਦਾ ਸਿਰ

ਚਾਨਣ ਨੇ ਸਾਨੂੰ ਖਾ ਲਿਆ
ਤੇ ਲਾਸ਼ਾਂ ਹਨ੍ਹੇਰਿਆਂ ਚੋਂ ਲੱਭਦੇ ਰਹੇ
ਸੱਚ ਹੀ
ਅਸੀਂ ਆਪਣੀ ਅਕਲ ਤੇ
ਝੂਠਾ ਫ਼ਖ਼ਰ ਕਰਦੇ ਰਹੇ
ਸੱਚ ਹੈ
ਇਹ ਕਤਲ ਦਾ ਇਲਜ਼ਾਮ ਸਾਡੇ ਤੇ
ਅਸੀਂ ਮਰਨ ਤੋਂ ਡਰਦੇ ਨਹੀਂ
ਪਰ ਜਿਉਂਦਿਆਂ ਦੀ ਮੌਤ
ਪਾਰਸ ਬਣਾਏਗੀ ਅਸਾਂ ਨੂੰ

-0-

ਹਨ੍ਹੇਰਿਓਂ ਚੇਤਨ ਰਹੋ
ਵਕਤ ਜਦ ਬੁੱਲ੍ਹ ਫਰਕੇਗਾ
ਤਾਂ ਗੱਡੀ ਦੇ ਪਹੀਆਂ ਹੇਠ
ਜਾਂ
ਬਿਜਲੀ ਦੇ ਖੰਭਿਆਂ ਸੰਗ
ਸੁੱਕੇ ਪਿੰਜਰ
ਜਾਂ
ਕਿਸੇ ਜੰਗਲੀ ਰੁੱਖ ਦੇ ਤਣੇ ਤੇ
ਪਏ ਕੁਆਰੇ ਲਹੂ ਦੇ ਛਿੱਟੇ
ਆਪ ਮੁਹਾਰੇ ਆਪਣੀਆਂ ਲਾਸ਼ਾਂ
ਤੁਹਾਨੂੰ ਸਪੁਰਦ ਕਰਨਗੇ
ਤੇ ਹਨ੍ਹੇਰਿਆਂ ਨੂੰ ਹਨ੍ਹੇਰੇ ਦਾ ਫ਼ਤਵਾ
ਦੇਣ ਵਾਲਾ ਚਾਨਣ
ਆਪਣੀ ਰਿਹਾਈ ਲਈ ਘੁਟ ਕੇ ਟੇਕ ਦੇਵੇਗਾ

-0-

ਹਨ੍ਹੇਰਿਆਂ ਨੂੰ
ਹਨ੍ਹੇਰੇ ਦਾ ਫ਼ਤਵਾ ਦੇਣ ਵਾਲਾ ਚਾਨਣ
ਉਹ ਹੱਥ ਵੀ ਲਾਸ਼ਾਂ ਸੰਗ
ਤੁਹਾਨੂੰ ਭੇਂਟ ਕਰੇਗਾ
ਜਿਨ੍ਹਾਂ ਦੇ ਅੰਗੂਠਿਆਂ ਦੇ ਨਿਸ਼ਾਨ
ਤੁਹਾਡੇ ਸੰਘ ਤੇ ਲੱਗੇ
ਚਾਨਣ ਤੋਂ ਹਨ੍ਹੇਰੇ ਦੀ ਦਾਸਤਾਂ
ਬਣੇ ਰਹੇ ਹਨ ਹੁਣ ਤੱਕ
ਫਿਰ ਤੁਸੀਂ ਦੱਸੋਗੇ
ਚਾਨਣ ਤੇ ਹਨ੍ਹੇਰੇ ਵਿਚ
ਕਰਵਟਾਂ ਬਦਲਦੀ ਜ਼ਿੰਦਗੀ ਦੇ ਅਰਥ

-0-

ਗੱਡੀ ਦੇ ਪਹੀਆਂ ਹੇਠ ਆ ਕੇ
ਮਨੁੱਖ ਨਹੀਂ ਮਰਦਾ
ਤੇ ਵਰਤਮਾਨ ਨੂੰ
ਭੂਤ ਕਦੀ ਵੀ ਚੀਰ ਨਹੀਂ ਸਕਦਾਂ
ਕਿਉਂਕਿ ਚਾਨਣ ਦੀ ਜੜ੍ਹ
ਸਦਾ ਹਨ੍ਹੇਰੇ 'ਚ ਹੈ
ਹਨੇਰਿਓਂ
ਵਕਤ ਤਾਂ ਤੁਹਾਡਾ ਇੰਤਜ਼ਾਰ ਕਰਦਾ ਹੈ
ਕਦੋਂ ਤੁਸੀਂ
ਆਪਣੇ ਅਰਥ ਆਪ ਜਾਣੋਗੇ
ਤੇ ਵਕਤ ਦੇ ਜ਼ਿਹਨ 'ਚ
ਰੜਕਦੇ ਚਾਨਣ ਨੂੰ ਸੂਲੀ ਤੇ ਟੰਗੋਗੇ

----

## ਚੁਬਾਰੇ ਦੀਆਂ ਮੋਰੀਆਂ

ਉਮਰ ਦੇ ਮਨਫ਼ੀ ਵਰ੍ਹੇ ਦਾ ਗ਼ਮ ਨਹੀਂ
ਗ਼ਮ ਹੈ ਜੰਗਲ ਚੋਂ ਲੰਘਣ ਦਾ
ਤੇ ਆਪਣੀ ਭਾਸ਼ਾ ਭੁੱਲ ਜਾਣ ਦਾ
ਕਿਵੇਂ ਮਨੁੱਖ ਨੂੰ ਦੱਸੀਏ
ਉਸ ਤਰੇੜ ਦਾ ਡਰਾਉਣਾ ਮੂੰਹ
ਤੇ ਭਿਅੰਕਰ ਆਵਾਜ਼
ਜੋ ਮਨੁੱਖ ਨੇ ਜਾਨਵਰਾਂ ਦੇ ਦਿਲ ਤੇ ਪਾਈ

-0-

ਜੰਗਲ ਦੀ ਹਵਾ ਵਿਚ ਦਮ ਲੈਣਾ
ਬਹੁਤ ਔਖਾ ਹੈ
ਕਿਉਂਕਿ ਮਨੁੱਖ ਖ਼ੂੰਖਾਰ ਭੇੜੀਆ ਹੈ
ਤੇ ਜੰਗਲੀ ਜਾਨਵਰ ਨਹੀਂ ਚਾਹੁੰਦੇ
ਇਸਦਾ ਮੂੰਹ ਵੇਖਣਾ
ਉਹ ਮਨੁੱਖ ਦੇ ਲਹੂ ਤੋਂ ਵਾਕਿਫ਼ ਹਨ
ਜਿਸਦੇ ਜੰਗਲ 'ਚ ਪੈਰ ਧਰਦਿਆਂ ਹੀ
ਸ਼ੇਰਨੀ ਆਪਣਿਆਂ ਬੱਚਿਆਂ ਨੂੰ
ਦਰਿਆਓਂ ਪਾਰ ਲੈ ਜਾਂਦੀ ਹੈ
ਤੇ ਆਦਮ-ਬੂ ਤੋਂ ਸਹਿਮੀ
ਉੱਚਾ ਸਾਹ ਨਹੀਂ ਲੈਂਦੀ
ਉਹ ਜਾਣਦੀ ਹੈ ਮਨੁੱਖੀ ਸਰਕਸ
ਤੇ ਮਨੁੱਢ ਦਾ
ਜਾਨਵਰਾਂ ਨਾਲ ਤੇਹ

-0-

ਬਾਂਦਰ ਮਨੁੱਖ ਨਾਲ
ਦਸਤ-ਪੰਜਾ ਲੈਣਾ ਤਾਂ ਚਾਹੁੰਦਾ ਹੈ
ਪਰ ਡਰਦਾ ਹੈ
ਇਸਦੀ ਡੱਬ ਵਿਚਲੀ ਛੁਰੀ ਤੋਂ

ਇਸਦੀ ਅਕਲ ਤੋਂ
ਜੋ ਨਿੱਜੀ ਆਜ਼ਾਦੀ ਲਈ ਲੜਦੀ ਰਹੀ
ਆਪਣੀ ਸੁਰਖ਼ਸ਼ਾ ਤੇ ਆਸਰਾ
ਸਿਰਜਦੀ ਰਹੀ
ਪਰ ਜੰਗਲ ਦੀ ਹਵਾ
ਕਿਹੜੇ ਪਾਸੇ ਫੈਲਦੀ
ਜਦੋਂਕਿ ਇਸ ਜਾਨਵਰ ਨੇ
ਉਨ੍ਹਾਂ ਲਈ ਕੋਈ ਵੀ ਰਾਹ ਨਹੀਂ ਛੱਡਿਆ
ਉਨ੍ਹਾਂ ਦਾ ਹਰ ਜੰਗਲ ਲੁਹਿਆ ਹੈ
ਜੰਗਲੀ ਫੁੱਲ ਝੁਲਸੇ ਹਨ
ਅੱਜ
ਜੰਗਲ ਦੇ ਜਾਨਵਰ ਸ਼ੇਰ ਤੋਂ ਨਹੀਂ
ਮਨੁੱਖ ਤੋਂ ਡਰਦੇ ਹਨ
ਜਿਸਨੂੰ ਉਹਨਾਂ ਆਪਣੇ ਹੱਥ
ਵੱਢਕੇ ਦੇ ਦਿੱਤੇ
ਤੇ ਆਪ ਘਰੋਂ ਬੇਘਰ
ਟੱਪਰੀਵਾਸਾਂ ਵਾਂਗ ਫਿਰਦੇ ਰਹੇ
ਆਪਣੇ ਨਾਲ ਬੇਅਕਲੀ ਦਾ ਕਲੰਕ ਲੈ ਕੇ

-0-

ਮਨੁੱਖਾਂ ਵਿਚ ਵੀ ਸਹੇ ਅਤੇ ਕਈ ਬੱਗੇ ਸ਼ੇਰ ਹਨ
ਜੋ ਭੁੱਬ ਮਾਰਦੇ ਹਨ ਤਾਂ ਫੁੱਟ ਧਰਤੀ ਪਾਟ ਜਾਂਦੀ ਹੈ
ਤੇ ਕਈ ਸਹੇ ਗਿੱਦੜਾਂ ਦੀ ਖ਼ੁਰਾਕ ਬਣਦੇ ਹਨ
ਜੇ ਜੰਗਲ ਵੱਢ ਕੇ
ਜੰਗਲ ਹੀ ਬੀਜਣਾ ਸੀ ਤਾਂ ਕੀ ਲੋੜ ਸੀ ਜੰਗਲ ਵੱਢਣ ਦੀ
ਕੀ ਲੋੜ ਸੀ
ਉਸ ਬਾਂਦਰੀ ਦੀ ਰੂਹ ਜ਼ਖ਼ਮੀ ਕਰਨ ਦੀ
ਜੋ ਮੋਇਆ ਬੱਚਾ ਵੀ ਹਿੱਕ ਨਾਲ ਲਾਈ ਰੱਖਦੀ ਹੈ
ਬੁੱਸਣ ਤੱਕ

----

## ਤਿੰਨ ਰੰਗ

ਅਸੀਂ ਸਦੀਆਂ ਤੋਂ
ਜਿਸ ਰੁੱਖ ਦੀ ਛਾਂ ਹੇਠ ਬੈਠੇ ਹਾਂ
ਸਾਡੀ ਹੋਂਦ ਖਾ ਗਈ
ਉਸਦੀ ਠੰਡੀ-ਠਾਰ ਛਾਂ

-0-

ਯਕੀਨਣ
ਇਹ ਪਹਿਲਾ ਸੁੱਖ ਹੈ ਉਸਦਾ
ਕਿ ਸਾਡੇ ਵਿਚਲਾ ਮਨੁੱਖ
ਸਾਡੇ ਤੇ ਇਸ ਤਰ੍ਹਾਂ ਰੋਇਆ
ਜਿਵੇਂ ਕਿਸੇ ਦਾ ਭਰਮ ਟੁੱਟਦਾ ਹੈ
ਚਾਨਣ ਸਦਕਾ
ਸੜਕ ਤੇ ਪਈ ਹੋਂਦ ਦੀ ਪੱਚਰ ਵੇਖ ਕੇ

-0-

ਸਾਨੂੰ ਪਤਾ ਹੀ ਨਹੀਂ ਸੀ
ਕਿ ਇਸ ਰੁੱਖ ਦੀ ਠੰਡੀ-ਠਾਰ ਛਾਂ
ਸੜਦੇ ਥੱਲ ਤੋਂ ਵੀ ਵੱਧ ਝੁਲਸੇਗੀ
ਮਾਂ ਦੇ ਦੁੱਧ ਦੀ ਪਲੂਣ ਖ਼ੁਸ਼ਬੂ
ਤੇ ਮਾਂ ਠੰਡੀ ਛਾਂ ਆਖਦਿਆਂ
ਸਾਡੀ ਜੀਭ ਤੇ ਪੈ ਜਾਣਗੇ ਛਾਲੇ

0-

ਇਹ ਰੁੱਖ ਜਿਸਦੀ ਹਰ ਟਹਿਣੀ ਤੇ ਪੱਤਾ
ਮਿੱਠਾ ਜ਼ਹਿਰ ਉੱਗਲਦਾ ਹੈ
ਤੇ ਇਸਦੀ ਛਾਂ ਹੇਠਾਂ
ਜਿਹੜਾ ਵੀ ਰੁੱਖ ਉੱਗਦਾ ਹੈ

ਭਰਮ ਦੀ ਜੂਨ ਜਿਉਂਦਾ ਹੈ
ਸੱਚ ਦੀ  ਮੌਤ ਮਰਦਾ ਹੈ

-0-

ਸਾਡੇ ਲਹੂ 'ਚ ਰੜਕਦਾ ਹੈ
ਬਾਪੂ ਦਾ ਲਹੂ
ਕਿਸੇ ਵੀਰ ਦੀ ਪੱਗ 'ਚ ਬੱਝਾ
ਭੈਣ ਦਾ ਗਾਨਾ
ਜਦੋਂ ਉਹ ਛਾਂ ਵਾਲੇ ਰੁੱਖ ਦੀ,
ਦਹਿਲੀਜ਼ ਤੇ ਖੜ੍ਹਕੇ
ਪੱਗ ਜੁੱਤੀ ਤੇ ਲੱਕ ਦੀ ਮੰਗਦਾ ਹੈ
ਤੇ ਆਪਣੀ ਹੋਂਦ
ਛਾਂ ਵਾਲੇ ਰੁੱਖ ਕੋਲ ਗਹਿਣੇ ਰੱਖਦਾ ਹੈ
ਤੁਸੀਂ ਦੱਸੋ
ਅਸੀਂ ਬਾਪੂ ਦੀ ਇਮਾਨਤ ਲਈ
ਇਹ ਰੱਖ ਨਾ ਵੱਢੀਏ ਤਾਂ ਕੀ ਕਰੀਏ
ਕਿਵੇਂ ਸਰਦਲ ਤੇ ਖੜੇ ਰਹੀਏ
ਪੱਗ ਜੁੱਤੀ ਤੇ ਲੱਕ ਦੀ ਮੰਗਣ ਲਈ

-0-

ਉਹ ਬੀਤ ਗਿਆ
ਜੋ ਜੀਅ ਗਿਆ ਨਿਰਹੋਂਦ ਜਿਹੀ ਜ਼ਿੰਦਗੀ
ਅੱਜ ਸਿਰ ਲੱਥ ਹੈ ਯਾਰੋ
ਅੱਜ ਦੀ ਹੋਂਦ ਨਹੀਂ ਕੈਦੀ
ਕਿਸੇ ਲੱਕ ਦੀ ਕਿਸੇ ਜੁੱਤੀ ਕਿਸੇ ਪੱਗ ਦੀ
ਅੱਜ ਜਾਣਦਾ ਹੈ
ਹੋਂਦ ਤੇ ਨਿਰਹੋਂਦ ਦੇ ਅਰਥ
ਤੇ ਅੱਜ ਦੇ ਮੱਥੇ 'ਚ
ਇਕ ਚੀਕ ਉੱਠਦੀ ਹੈ

ਜਦੋਂ ਵਿਰਸੇ 'ਚ ਮਿਲਿਆ
ਲਿੱਸੜ ਜਿਹਾ ਘੋੜਾ ਹਿਣਕਦਾ ਹੈ
ਪਰ ਸੰਘ ਚੋਂ ਆਵਾਜ਼ ਨਹੀਂ ਆਉਂਦੀ

-0-

ਦੁਬਿਧਾ 'ਚ ਲਟਕਦਾ
ਅੱਜ ਦਾ ਹਰ ਪਲ
ਇਹ ਸੋਚਦਾ ਹੈ
ਕਿ ਕੱਲ੍ਹ ਲਈ
ਅੱਜ ਦੇ ਘੋੜੇ ਦੇ ਪਿੰਡੇ ਤੇ
ਮੱਖੀ ਨਹੀਂ ਬੈਠੇਗੀ

-0-

ਅਸੀਂ ਸਦੀਆਂ ਤੋਂ
ਜਿਸ ਰੁੱਖ ਦੀ ਛਾਂ ਹੇਠ ਬੈਠੇ ਹਾਂ
ਸਾਡੀ ਹੋਂਦ ਖਾ ਗਈ
ਉਸਦੀ ਠੰਡੀ-ਠਾਰ ਛਾਂ

----

# ਤ੍ਰਿਕੋਣ

ਅਲਫ਼ ਨੰਗੇ ਜਿਸਮ ਸੰਗ
ਸਾਰਾ ਸ਼ਹਿਰ ਅਸਾਂ ਗਾਹਿਆ
ਪਰ ਤੇਰੇ ਜਿਹਾ ਵੀ ਕੌਣ ਸੀ
ਜੋ ਸਾਡੇ ਬੁੱਲ੍ਹਾਂ ਦਾ ਤਾਅ
ਤੇ ਪਿਆਜ਼ੀ ਰੰਗ ਦਾ
ਨਿੱਘ ਮਾਨਣ ਤੋਂ ਸਿਵਾ
ਸਾਡੇ ਨੰਗੇ ਪੇਟ ਤੇ ਹੱਥ ਫੇਰ ਕੇ ਵੇਂਹਦਾ
ਜਾਂ ਸਮੇਂ ਦੀ ਧੜਕਦੀ ਨਬਜ਼
ਸੰਗ ਸਾਂਝ ਪਾ ਕੇ ਹੀ
ਸੂਲੀ ਤੇ ਹੱਸਦੇ ਸਿਰ ਦਾ
ਕਿ ਅੱਧ ਅੱਥਰੂ ਮੁੱਲ ਹੀ ਪਾਉਂਦਾ

-0-

ਅਸਾਂ ਤਾਂ ਦੱਸਤਾ ਤੈਨੂੰ
ਭੀੜਾਂ 'ਚ ਇੰਝ ਗੁਆਇਆ ਹੈ
ਜਿਵੇਂ ਸਾਗਰ ਦੇ ਪਿੰਡੇ ਚੋਂ
ਸਹਿਰਾ ਉੱਗ ਆਇਆ ਹੈ
ਭਰੇ ਪੀਤੇ ਬੈਠਾ ਹਾਂ ਸ਼ਦੀਆਂ ਤੋਂ
ਕਿ ਕਿਉਂ
ਕੋਈ ਬੋਲ ਸਾਂਝਾਂ ਨਹੀਂ ਕੀਤਾ
ਅੰਦਰਲੀ ਅੱਗ ਨਾਲ ਅਸਾਂ
ਨੀਲੇ ਅੰਗ ਤੇ ਪਿਆਜ਼ੀ ਰੰਗ ਵਿਚਾਲੇ
ਕਿੰਨਾ ਕੁ ਚਿਰ
ਸਾਡੀ ਇਹ ਜਿੱਦ ਧੁੱਗੇਗੀ
ਕਿੰਨਾ ਕੁ ਚਿਰ
ਆਪਣੀ ਹੋਂਦ ਕਾਇਮ ਰੱਖਣ ਲਈ
ਰੇਤਲੀ ਕੰਧ ਸੰਗੀਨੀ ਮਾਖੌਟਾ ਪਹਿਣ ਰੱਖੇਗੀ

ਕਿਸ ਬਿੰਦੂ ਤੇ ਰੁਕੇਗੀ ਜ਼ਿੰਦਗੀ
ਰਫ਼ਤਾਰ ਫੜਨ ਲਈ
ਕਿਸ ਬਿੰਦੂ ਤੇ ਜ਼ਿੰਦਗੀ
ਰਫ਼ਤਾਰ ਮਨਫ਼ੀ ਕਰੇਗੀ ਰੁਕਣ ਲਈ
ਸ਼ਾਇਦ ਅਲਫ਼ ਨੰਗਾ ਜਿਸਮ
ਬਾਜ਼ਾਰ ਦੇ ਚੌਰਾਹੇ 'ਚ ਲਟਕਦਾ ਰਹੇਗਾ
ਮਰਨ ਤੋਂ ਬਾਅਦ ਵੀ
ਕੱਜਣ ਲਈ ਭਟਕਦਾ ਰਹੇਗਾ

-0-

ਪਰ ਸਮੇਂ ਦੀ ਰਫ਼ਤਾਰ ਪੈਰ-ਪੈਰ ਤੇ
ਸ਼ਬਦਾਂ ਦੇ ਅਰਥ
ਅਰਥਾਂ ਦੇ ਸ਼ਬਦ ਬਦਲਦੀ ਰਹੇਗੀ ਹਮੇਸ਼ਾ
ਨੰਗੇ ਜਿਸਮ
ਤੇ ਸੂਲੀ ਤੇ ਹੱਸਦੇ ਸਿਰ ਦਾ ਮੁੱਲ
ਜੇ ਅੱਜ ਨਹੀਂ
ਤਾਂ ਕੱਲ੍ਹ ਪਵੇਗਾ ਜ਼ਰੂਰ
ਸਮੇਂ ਦੇ ਸੱਚ ਦਾ ਹੈ ਦਸਤੂਰ

----

# ਸ਼ਹਿਜ਼ਾਦਾ ਸਲੀਮ

ਸ਼ਹਿਰਜ਼ਾਦੇ ਸਲੀਮ
ਤੇਰੀ ਤਲਵਾਰ ਤਾਂ ਹਮੇਸ਼ਾ
ਲੋਕ ਆਸ਼ਕਾਂ ਦੇ ਸਿਰ ਕਤਲ ਕਰਦੀ ਰਹੀ
ਸ਼ਹਿਰਜ਼ਾਦੇ ਸਲੀਮ
ਤੇਰੀ ਤਲਵਾਰ ਲਹੂ 'ਚ ਭਿੱਜੀ
ਦੋਸਤੀ ਦੇ ਘੁੱਟ ਭਰਦੀ ਰਹੀ

-0-

ਉਹ ਸਲੀਮ
ਤੈਨੂੰ ਤਾਂ ਆਪਣੇ ਲਹੂ ਤੇ ਸ਼ੰਕਾ ਸੀ
ਤੂੰ ਕਿਵੇਂ ਮੁੱਲ ਪਾਉਂਦਾ
ਅਨਾਰਕਲੀ ਦੇ ਅੰਦਰਲੇ ਸੱਚ ਦਾ
ਨੂਰੋਦੀਨ
ਚੰਦੂ ਦੀ ਹਵੇਲੀ ਤੋਂ ਰਾਵੀ ਤਕ ਦਾ ਸਫ਼ਰ
ਜਦ ਕੋਈ ਇਤਿਹਾਸ ਦਾ ਬਾਬ ਕਰਦਾ ਹੈ
ਤਾਂ ਪਿੰਜਰੇ 'ਚ ਬੰਦ ਤੋਤੇ ਦਾ ਉਦੋਂ ਦਮ
ਨਿਕਲਦਾ ਹੈ

-0-

ਹਿੰਦੋਸਤਾਨ ਦੇ ਨੂਰੇ ਨਜ਼ਰ
ਜਦ ਜਿਸਮ ਛਾਲੇ ਦਾ ਰੂਪ ਧਾਰਦਾ ਹੈ
ਤਾਂ ਸੱਚ ਦਾ ਰੰਗ ਸੁਰਖ਼ ਹੁੰਦਾ ਹੈ
ਹਿੰਦੋਸਤਾਨ ਦੇ ਨਕਸ਼ੇ 'ਚ ਗਿੜਦੇ ਲਹੂ
ਵਰਤਮਾਨ
ਜਦ ਨੀਹਾਂ 'ਚ ਹੱਸਦਾ ਦਮ ਤੋੜਦਾ ਹੈ
ਤਾਂ ਭਵਿੱਖ ਦੇ ਮੱਥੇ ਇਕ ਜੋਤ ਜਗਦੀ ਹੈ
ਤੇ ਉਸ ਨੂੰ ਜਵਾਨੀ ਦੇ ਨਸ਼ੇ ਦੀ ਲੋਰ ਆਉਂਦੀ ਹੈ

ਸਲੀਮ
ਇਸ਼ਕ ਦੇ ਮੱਥੇ ਤੇ ਲੱਗਾ ਕਲੰਕ ਹੈ
ਜਿਸਨੂੰ ਅਨਾਰਕਲੀ ਦਾ ਲਹੂ ਵੀ
ਮੇਟ ਨਾ ਸਕਿਆ
ਮੇਟਦਾ ਵੀ ਕਿਸ ਤਰ੍ਹਾਂ
ਆਸ਼ਕ ਕਦੋਂ ਆਪਣਿਆਂ ਗਲਾਂ 'ਚ
ਮਜ਼੍ਹਬ ਦੇ ਤਗਮੇ ਪਾ ਕੇ ਫਿਰਦੇ ਹਨ

----

## ਚਾਚੀ ਰੱਜੋ ਦਾ ਬਰਨਾ

ਮਹਿਮੀ ਮਾਂ ਆਖਦੀ ਹੈ
ਚਾਚੀ ਰੱਜੋ ਦਾ ਬਰਨਾ ਦੋਫਾਂਗਿਆ ਗਿਆ ਹੈ
ਤੇ ਪੱਕੇ ਗੋਲੇ ਤੇ ਬੇਸ਼ੁਮਾਰ ਤੋਤਿਆਂ ਦੀਆਂ ਲਾਸ਼ਾਂ
ਕਿਨਾਰੇ ਤੇ ਉੱਗੇ ਰੁੱਖਾਂ ਦੀਆਂ ਖੁੱਡਾਂ ਚੋਂ
ਬੇਬਸ ਝਾਕਦੀਆਂ ਹੋਈਆਂ
ਪੁੱਠੀਆਂ ਬੱਚੇਦਾਨੀਆਂ ਦੀ ਸਮਝ 'ਚ
ਇਹ ਹਨ੍ਹੇਰੀ ਦੂਜੀ ਵਾਰ ਆਈ ਹੈ

–0–

ਮਾਂ ਦੀ ਮਮਤਾ ਪਰ ਲਾ ਕੇ ਪਤਾ ਨਹੀਂ
ਉੱਡ ਗਈ ਸੀ ਕਿੱਥੇ ਉਸ ਰਾਤ
ਜਦ ਉਸ ਆਪਣੇ ਪੇਟ ਤੇ ਹੱਥ ਧਰ
ਆਪਣੀ ਗਰਭ ਦਾ ਹੀ ਬੁਰਾ ਮੰਗਿਆ ਸੀ

–0–

ਸ਼ਾਇਦ ਉਸਨੂੰ
ਆਪਣੇ ਜਿਸਮ ਦੇ ਹਰ ਅੰਗ ਤੇ ਭਰਮ ਸੀ
ਚਾਚੀ ਰੱਜੋ ਦੇ ਬਰਨੇ ਦੀ ਗੱਲ
ਉਹ ਚੀਖ ਕੇ ਆਖਣਾ ਚਾਹੁੰਦੀ ਸੀ
ਪਰ ਉਸਦਾ ਕੰਠ ਸੀਤਾ ਗਿਆ ਸੀ
ਉਹ ਕਈ ਵਾਰੀ ਆਖਦੀ
ਪੁੱਤਰ ਸੱਚ ਦਸੀਂ ਖਾਂ ਭਲਾ
ਮੇਰੀਆਂ ਅੱਖਾਂ ਸਹੀ ਤੱਕਦੀਆਂ ਹਨ
ਮੇਰੇ ਬੁੱਲ੍ਹ ਜੋ ਬੋਲਦੇ ਹਨ
ਮੇਰੇ ਕੰਨ ਉਹੀ ਸੁਣਦੇ ਹਨ
ਮੈਨੂੰ ਦੋਫਾਂਗੇ ਬਰਨੇ ਦਾ ਸੇਕ
ਚਾਚੀ ਰੱਜੋ ਦੇ ਵਿਹੜੇ ਚੋਂ ਨਹੀਂ
ਸਗੋਂ ਆਪਣੀ ਗਰਭ ਚੋਂ ਆਉਂਦਾ ਹੈ

–0–

## ਤੀਸਰੀ ਅੱਖ

ਮੈਂ ਆਪਣੇ ਬੁਲੰਦ ਤਾਰਿਆਂ ਹੇਠ
ਲਹੂ ਦੇ ਗੀਤ ਲਿਖਦਾ ਹਾਂ
ਦਾਅਵਾ ਨਹੀਂ ਕਰਦਾ
ਉਤਰੇ ਅੱਖਰਾਂ ਦਾ ਰੰਗ ਕੀ ਹੋਣਾ
ਤੇ ਕਦੋਂ
ਮੇਰੀ ਕਲਮ ਦੀ ਸਿਆਹੀ ਮੁੱਕ ਜਾਣੀ
ਮੈਂ ਆਪਣਾ ਹੱਥ
ਕੋਟ ਦੇ ਬੋਝੇ ਚੋਂ ਕੱਢਣ ਹੀ ਲੱਗਦਾ ਹਾਂ
ਕਿ ਮੇਰੀ ਨਜ਼ਰ ਨੂੰ
ਲਹੂ ਦਾ ਗੀਤ ਚੁੰਧਿਆ ਜਾਂਦਾ
ਤੇ ਮੈਂ ਇਹ ਸਮਝ ਨਾ ਸਕਦਾ
ਕਿ ਸੁਲਗਦੇ ਸਿਗਰਟ ਦੇ ਦਾਗ਼ ਚਿਹਰੇ ਤੇ
ਜਾਂ ਮੇਰੀ ਨਜ਼ਰ ਪਿੱਛੇ ਪਏ ਅਕਸਾਂ ਦੇ ਸਾਏ ਨੇ

-0-

ਮੈਂ ਦੀਵਾਰ ਪਾੜ
ਉਨ੍ਹਾਂ ਅਕਸਾਂ ਨੂੰ ਲੱਭਦਾ
ਜੋ ਲਹੂ ਦੇ ਗੀਤ ਬਣ ਬਣ
ਮੇਰੀ ਕਲਮ ਚੋਂ ਉਤਰਦੇ
ਸੜਕਾਂ ਤੇ ਦੌੜਦੇ
ਤੇ ਅੰਤ ਗਾਲਿਬ ਦੇ ਸ਼ਹਿਰ
ਉਨ੍ਹਾਂ ਦੀਆਂ ਲਾਸ਼ਾਂ ਮਿਲਦੀਆਂ
ਉਦੋਂ
ਉਹ ਲਹੂ ਦੇ ਗੀਤ ਨਾ ਹੁੰਦੇ ਸਿਰਫ਼ ਕਾਗ਼ਜ਼ ਦੇ ਟੁਕੜੇ
ਤੇ ਉਡਣ ਲਈ ਹੁੰਦਾ ਉਨ੍ਹਾਂ ਤੇ ਹਵਾ ਦਾ ਪਹਿਰਾ

-0-

ਪਰ ਉਹ ਹਵਾ
ਜਦ ਕਦੀ ਗਾਲਿਬ ਦੇ ਸ਼ਹਿਰ ਤੋਂ ਅੱਕ ਕੇ
ਸਾਡੇ ਸ਼ਹਿਰ ਆਉਂਦੀ ਹੈ
ਤੇ ਮੇਰੀ ਕਲਮ ਨਾਲ
ਸੌਂਕਣਾਂ ਵਾਲਾ ਆਡਾ ਲਾਉਂਦੀ ਹੈ
ਉਸਦਾ ਇਕ ਮਿਹਣਾ
ਜੇ ਮੈਂ ਖੋਲ੍ਹਕੇ ਦੱਸਾਂ
ਤਾਂ ਮੈਨੂੰ ਆਪਣੇ ਸ਼ਹਿਰ ਦਾ
ਹਰ ਗਧਾ ਤੇ ਕੁੱਤਾ
ਇਕ ਡਾਕਟਰ ਲੱਗਦਾ ਹੈ
ਜਿਸਦੇ ਪੇਟ ਵਿਚ ਰੋਟੀਆਂ ਦੀ ਥਾਂ
ਕਾਗ਼ਜ਼ ਦੇ ਟੁਕੜੇ ਹਨ
ਜਦੋਂ ਉਹ ਉਗਲਦੇ
ਵੜਾਂਗ਼ਾਂ ਤੇ ਨੀਲੀ ਝੱਗ ਦੇ ਬੁਲਬੁਲੇ
ਖਾਲਸ ਸ਼ਇਦ ਹੱਥੋਂ ਕਤਲ ਹੁੰਦੇ ਹਨ
(ਹਰ ਵੇਲੇ ਇਹ ਸ਼ਹਿਦ ਉਨ੍ਹਾਂ ਦੇ ਬੋਝੇ ਵਿਚ ਹੁੰਦਾ)

–0–

ਮੇਰੇ ਸ਼ਹਿਰ ਤੋਂ ਗਾਲਿਬ ਦੇ ਸ਼ਹਿਰ ਤੱਕ
ਸ਼ਹਿਦ ਦੀ ਇਕ ਸੜਕ ਬਣ ਜਾਂਦੀ
ਲਹੂ ਦੇ ਗੀਤ ਕੀੜਿਆਂ ਵਾਂਗੂੰ
ਸੜਕ ਤੇ ਸੜਕ ਹੋ ਜਾਂਦੇ
ਤੇ ਰੁੱਤਾਂ ਫਿਰਨ ਦੇ ਪਿੱਛੋਂ
ਗੋਲ ਕਮਰਾ ਬਿੱਛੂ ਤੇ ਬਹਿ ਕੇ
ਮੇਰੇ ਸ਼ਹਿਰ ਨੂੰ
ਸ਼ਿਕਾਰੀ ਕੁੱਤਿਆਂ ਵਾਂਗ ਆ ਸੁੰਘਦਾ

–0–

ਮੇਰੀ ਮਾਂ ਡਿਉੜੀ 'ਚ ਬੈਠੀ ਹੈਰਾਨ ਹੋ ਜਾਂਦੀ
ਆਪਣੀ ਅਣਪੜ੍ਹਤਾ 'ਚ
ਫੁੱਲੀ ਨਾ ਸਮਾਉਂਦੀ!
ਜਦ ਰੱਤੀ ਰੰਗ ਦੇ ਕੀੜੇ
ਇਕ ਰਾਸ਼ਟਰਪਤੀ ਨੂੰ ਆ ਖੁੱਡ ਚੋਂ ਕੱਢਦੇ
ਤੇ ਇਹ ਖੁੱਡ
ਰਾਸ਼ਟਰਪਤੀ ਭਵਨ ਦੇ ਨਾਂਅ ਹੇਠਾਂ
ਅਮਰ ਯਾਦ ਬਣ ਜਾਂਦੀ

–0–

ਮੇਰੀ ਮਾਂ ਖ਼ੁਸ਼ੀ 'ਚ ਅੱਖ ਨਾ ਝਮਕਦੀ
ਤੇ ਬੂਹੇ ਓਹਲੇ
ਮੇਰੀ ਭੈਣ ਦੀਆਂ ਛਾਤੀਆਂ ਚੋਂ
ਲਹੂ ਵਗ ਰਿਹਾ ਹੁੰਦਾ
ਤੇ ਉਹ ਥਾਂ
ਜਿਸ ਚੋਂ ਉਸਨੇ ਲਹੂ ਦਾ
ਇਕ ਗੀਤ ਜਨਮਨਾ ਸੀ
ਰੱਤੀ ਰੰਗ ਦੇ ਕੀੜਿਆਂ
ਸੰਗੀਨਾ ਸੰਗ ਵਿੰਨ੍ਹ ਦਿੱਤੀ ਹੁੰਦੀ
ਇਹ ਪਹਿਲੀ ਵਾਰ ਸੀ
ਇਕ ਲਹੂ ਦੇ ਗੀਤੋਂ ਨੇ
ਆਪਣੀ ਮਾਂ ਦੀ ਬੱਚੇਦਾਨੀ ਦਾ
ਜਲੂਸ ਨਿਕਲਦਾ ਤੱਕਿਆ

–0–

ਸਰੂਆ ਸੰਗ ਬੁਰਦਾ ਲਾ
ਸਭ ਕੁੱਝ ਹਾਰ ਬੈਠਾ ਹਾਂ
ਇਸ ਹਾਰ ਦਾ ਅਹਿਸਾਸ
ਆਪ ਮੁਹਾਰੇ ਉੱਗ ਆਈ

ਮੇਰੀ ਤੀਸਰੀ ਅੱਖ ਹੈ
ਜਿਸਦੀ ਤੱਕਣੀ ਤੇ ਕੋਈ ਪਹਿਰਾ ਨਹੀਂ
ਜੋ ਦੀਵਾਰ ਪਾੜਣ ਤੋਂ ਬਿਨਾਂ ਵੀ ਤੱਕ ਸਕਦੀ ਹੈ
ਉਸ ਪਾਰ
ਜਿੱਥੇ ਚੰਮ ਤੋਂ ਅੱਗੇ ਦੀ ਗੱਲ ਹੈ
ਤੇ ਸਰੂਆਂ ਦੇ ਰੁੱਖ
ਮਲਿਆਂ ਦੇ ਪੈਰ ਚੁੰਮਣ ਲਈ
ਕਤਾਰਾਂ ਬਣਾ ਕੇ ਖੜ੍ਹੇ ਹਨ

-0-

ਇਸ ਅੱਖ ਦੇ ਸ਼ੀਸ਼ੇ 'ਚ
ਕਿਸੇ ਸਰੂ ਦੇ ਪੈਰ ਸਿਰ ਤੇ ਨਹੀਂ
ਤੇ ਨਾ ਹੀ ਇਸ ਅੱਖ ਦੀ ਦੁਨੀਆਂ 'ਚ
ਗਾਲਿਬ ਦੇ ਸ਼ਹਿਰ ਵਾਂਗ
ਟੱਕੇ ਕਿਲੋ ਮਾਸ ਵਿਕਦਾ ਹੈ
ਉਂਝ ਕਈ ਵਾਰ
ਇਹ ਗ਼ਾਲਿਬ ਦੇ ਸ਼ਹਿਰ ਗਈ ਹੈ
ਤੇ ਬੰਦਿਆਂ ਦੀ ਮਰਜ਼ੀ ਤੇ
ਬਿਜਲੀ ਦੇ ਲੱਗੇ ਪਹਿਰਿਆਂ ਨੂੰ
ਤੱਕਦੀ ਹੋਈ
ਗ਼ਾਲਿਬ ਦੇ ਗਧਿਆਂ ਵਾਲੇ ਲਤੀਫ਼ੇ
ਦੇ ਜੁਰਮ ਹੇਠ ਨਜ਼ਰਬੰਦ ਕੀਤੀ ਗਈ ਹੈ

-0-

ਤੇ ਮੈਂ ਸ਼ਹਿਰ ਦੀ ਸ਼ਰਾਫ਼ਤ
ਲਫ਼ਾਫ਼ੇ 'ਚ ਬੰਦ ਕਰ
ਇਸ ਅੱਖ ਦੀ ਰਿਹਾਈ ਲਈ
ਇਕ ਗਧੇ ਨੂੰ ਭੇਜੀ

ਇਹ ਗਧਾ ਹਿਣਕਦਾ ਨਹੀਂ
ਭੌਂਕਦਾ ਹੈ
ਤੇ ਜਦ ਕਦੀ ਵੀ
ਸਿਰ ਤੇ ਹੱਥ ਫੇਰ ਕੇ
ਆਪਣੀ ਦੁੰਮ ਹਲਾਉਂਦਾ ਹੈ
ਤਾਂ ਕਾਨੂੰਨ ਦੇ ਅਰਥ ਬਦਲ ਜਾਂਦੇ ਹਨ
ਤੇ ਲੋਹੇ ਦੇ ਡੱਬਿਆਂ 'ਚ ਬੰਦ ਆਵਾਜ਼ਾਂ
ਆਪਣੀ ਹੋਂਦ ਗੁਆ ਬਹਿੰਦੀਆਂ ਹਨ

-0-

ਲਫ਼ਾਫ਼ੇ ਵਿਚਲੀ ਸ਼ਰਾਫ਼ਤ
ਸ਼ਰਾਫ਼ਤ ਹੈ ਕਿ ਨਹੀਂ
ਇਹਦੇ ਲਈ ਦੋਗਲੀ ਨਸਲ ਵਾਲੇ ਗਧੇ
ਜਾਂ
ਬਗਿਆੜ ਦੇ ਬੀਰਜ ਚੋਂ ਨਿਕਲੇ
ਅਲੀਸ਼ੇਸੀਅਨ ਕੁੱਤੇ ਕਰਨਗੇ
ਤੇ ਆਖ਼ਿਰ ਉਸ ਅੱਖ ਲਈ
ਦੋ ਮਿੰਟ ਦਾ ਮੌਣ ਧਾਰਨਾ ਪਵੇਗਾ
ਕਿਉਂਕਿ
ਰਾਸ਼ਟਰਪਿਤਾ ਦੇ ਅਸੂਲਾਂ ਨੂੰ
ਤੋੜਿਆ ਨਹੀਂ ਜਾ ਸਕਦਾ
ਤੇ ਮੇਰੇ ਸ਼ਹਿਰ ਦੀ ਸ਼ਰਾਫ਼ਤ
ਗ਼ਾਲਿਬ ਦੇ ਸ਼ਹਿਰ ਦੀਆਂ ਅੱਖਾਂ 'ਚ
ਘੱਟਾ ਪਾ ਨਹੀਂ ਸਕੀ
ਤੇ ਸਭ ਤੋਂ ਵੱਧ
"ਅੱਖ ਸ਼ਹਿਰ ਨੂੰ ਨਹੀਂ"
ਸ਼ਹਿਰ ਅੱਖ ਨੂੰ ਤੱਕਦਾ ਸੀ

-0-

ਸਭ ਗਧੇ ਕੰਨ ਵਜਾਉਂਦੇ
ਤੇ ਕੁੱਤੇ ਖਿੜ-ਖਿੜ ਹੱਸਦੇ
ਸਵੇਰੇ ਹੀ ਅਖ਼ਬਾਰ ਦੀ ਹਿੱਕ ਤੇ
ਇਕ ਗਧੇ ਦੇ ਮੱਥੇ ਤੇ
ਡਾਕਟਰ ਲਿਖਿਆ ਹੁੰਦਾ
ਸ਼ਹਿਰ ਦੀ ਸ਼ਰਾਫ਼ਤ ਵੀ
ਸੱਚਮੁੱਚ ਹੀ ਅਰਥ ਗੁਆ ਬਹਿੰਦੀ

-0-

ਇਹ ਪਦਾਰਥਵਾਦ ਦਾ ਯੁੱਗ ਹੈ
ਮੈਂ ਆਪਣੇ ਆਪਨੂੰ ਦੋਸ਼ੀ
ਗਿਨਣ ਲੱਗਦਾ
ਤੇ ਸ਼ੀਸ਼ੇ 'ਚ ਚਿੜੇ ਵਾਂਗ
ਚੁੰਝਾਂ ਤੇ ਪੰਜੇ ਮਾਰ
ਆਪਣੇ ਆਪ ਨੂੰ ਲਹੂ ਲੋਹਾਨ ਕਰ ਲੈਂਦਾ
ਕਿ ਆਪ ਮੁਹਾਰੇ ਉੱਗ ਆਈ
ਇਸ ਤੀਸਰੀ ਅੱਖ ਦਾ
ਕਿਉਂ ਆਪਣਾ ਚਾਨਣ ਹੈ
ਕਿਉਂ ਤੱਕਦੀ
ਇਹ ਅੱਖ
ਕਿਸੇ ਸਰਫ਼ਰੋਸ਼ ਦੀ ਲਾਸ਼ ਤੇ
ਹੱਸਦਾ ਹੋਇਆ
ਬੋਣ ਜਿਹਾ ਰਾਸ਼ਟਰ ਪਿਤਾ

-0-

ਇਹ ਅੱਖ
ਆਪਣੇ ਆਪ ਲਹੂ ਦਾ ਗੀਤ ਤੱਕ
ਕਿਉਂ ਚੁੰਧਿਆ ਨਹੀਂ ਜਾਂਦੀ

ਇਹ ਅੱਖ
ਗ਼ਾਲਿਬ ਦਾ ਸਬੂਤਾ ਸ਼ਹਿਰ
ਕਿਉਂ ਖਾ ਨਹੀਂ ਜਾਂਦੀ
ਸ਼ਾਇਦ ਇਸ ਅੱਖ 'ਚ
ਰੜਕਦਾ ਹੈ
ਲਹੂ ਚੋਂ ਨਿਕਲਿਆ ਧੂੰਆਂ
ਸ਼ਾਇਦ ਇਸਨੂੰ ਡੰਗ ਗਿਅ ਹੈ
ਗ਼ੁਲਾਮੀ ਸਹਿਣ ਦਾ ਪ੍ਰਛਾਵਾਂ
ਤੇ ਚੜ੍ਹ ਗਿਆ ਹੈ ਜ਼ਹਿਰ
ਨਜ਼ਰ ਦੇ ਧੋਖੇ ਦਾ
ਪਰ ਨਹੀਂ
ਸੁੱਤੇ ਸਿੱਧ ਜਦ ਇੰਹ ਅੱਖ ਖ਼ੂਜ਼ਾਉਂਦੀ ਹੈ
ਤਾਂ ਹਵਾ ਵਿਚ ਖਿਲਰੀ ਮਹਿਕ
ਕਿਉਂ ਜ਼ਖ਼ਮੀ ਲੱਗਦੀ ਹੈ
ਨਾਲੇ ਇਸ ਅੱਖ ਨੂੰ ਡੰਗਣ ਲਈ
ਖਾਲਿਸ ਜ਼ਹਿਰ ਕਿੱਥੇ ਹੈ!

−0−

ਗੱਲ ਇਹ ਨਹੀਂ
ਗੱਲ ਇੰਨੀ ਹੈ
ਕਿ ਇਸਨੂੰ ਰੜਕਦਾ ਹੈ
ਪੀੜ੍ਹੀ ਦਰ ਪੀੜ੍ਹੀ ਰਲ ਚੁੱਕਾ
ਮਨੁੱਖੀ ਲਹੂ 'ਚ ਪਾਣੀ
ਤੇ ਉਹ ਪਾਣੀ
ਜਦੋਂ ਇਹ ਅੱਜ ਤੱਕਦੀ ਹੈ
ਤਾਂ ਇਸਦੇ ਸੱਤੀਂ ਕਪੜੀਂ
ਅੱਗ ਲੱਗਦੀ ਹੈ

−0−

ਜਦੋਂ ਸਰਹੱਦ ਤੋਂ ਪਰਤੇ
ਅੱਧੇ ਪੌਣੇ ਸਿਪਾਹੀ
'O' ਗਰੁੱਪ ਦੇ ਲਹੂ ਸੰਗ
ਸਾਲਮ ਕੀਤੇ ਜਾਂਦੇ ਹਨ
ਤੇ ਫਿਰ 'O' ਗਰੁੱਪ ਦਾ ਲਹੂ
ਜਦ ਆਪਣੀ ਹੀ ਛਾਤੀ 'ਚ ਵੱਜਦਾ ਹੈ
ਤਾਂ ਇਹ ਅੱਖ ਖ਼ੁਦਕੁਸ਼ੀ ਲਈ ਤੜਫਦੀ
ਲਾਲ ਪੀਲੀ ਹੋ
ਪੋਰਸ ਦੀਆਂ ਰਗਾਂ 'ਚ ਦੌੜਦੀ
ਤੇ ਨਿਕਲਦੀ ਫਿਰ ਸੜਕ ਤੇ
ਤੱਕਣ ਲਈ ਬਸ ਹਾਦਸੇ ਖ਼ਬਰਾਂ ਨਹੀਂ

-0-

ਕੁੱਝ ਵੀ ਨਾ ਹੁੰਦਾ ਜਦੋਂ
ਤਾਂ ਆਪਣਾ ਪਰਤਣਾ
ਇਕ ਹਾਦਸਾ ਦੱਸਦੀ
ਆਪਣੀ ਡਾਇਰੀ ਦੇ ਵਰਕੇ ਫੋਲਦੀ
"ਕਾਨੂੰਨ ਦੀ ਭਾਸ਼ਾ 'ਚ ਹਾਦਸਾ ਖ਼ਬਰ ਹੈ"
ਪੜ੍ਹਕੇ ਜ਼ਿੰਦਾਬਾਦ ਕਹਿੰਦੀ
ਤੇ ਫਿਰ ਘੂਰਦੀ
ਆਪਣੀਆਂ ਰਗਾਂ 'ਚ ਦੌੜਦੇ ਲਹੂ ਨੂੰ
ਜੋ ਪੀੜ੍ਹੀ-ਦਰ-ਪੀੜ੍ਹੀ ਚਲਿਆ ਆ ਰਿਹਾ
ਫਿਰ ਉਂਗਲਾਂ ਤੇ ਗਿਣਦੀ
ਆਪਣੇ ਵੱਡੇ ਵਡੇਰਿਆਂ ਦੇ ਨਾਂਅ
ਜਿਨ੍ਹਾਂ ਦੇ ਲਹੂ ਸਦਕਾ
ਇਕ ਚਪੇੜ ਦੇ ਪਿੱਛੋਂ ਦੂਜੀ ਗੱਲ੍ਹ
ਅੱਗੇ ਕਰਦੀ ਸੀ।

ਇਹ ਲਹੂ ਦਾ ਚੱਕਰ
ਜਦ ਤੱਕ ਪੂਰਾ ਨਹੀਂ ਹੁੰਦਾ
ਇਹ ਮੁਸ਼ਕਲ ਹੈ
ਕਿ ਸੜਕ ਤੇ ਕੋਈ ਹਾਦਸਾ ਹੋਵੇ
ਤੇ ਖ਼ਬਰ ਨਾ ਬਣੇ

-0-

ਪਰ ਹੁਣ ਯੁੱਗ ਬਦਲਿਆ ਹੈ
ਤੇ ਸਾਡੇ ਵਿਚੋਂ ਪਾਣੀ ਦੀ ਮਾਤਰਾ
ਘਟੀ ਹੈ
ਹੁਣ ਲਹੂ ਦਾ ਦੌਰ ਆਉਣ ਵਾਲ਼ਾ ਹੈ
ਇਸਦੇ ਪ੍ਰਮਾਣਾਂ ਦੀ ਲੋੜ ਨਹੀਂ
ਫਿਰ ਵੀ
"ਰਾਸ਼ਟਰ ਪਿਤਾ ਦਾ ਮੂੰਹ ਕਾਲਾ"
ਜਾਂ ਬੰਗਲਾਦੇਸ਼ ਵਿਚ
ਸਿਰ ਧੜ ਤੋਂ ਵੱਖ ਹੋਈ ਮਾਂ ਦੇ
ਮੱਮੋਂ ਚੋਂ ਦੁੱਧ ਦੀ ਥਾਂ ਲਹੂ ਚੁੰਘਦਾ
ਲਹੂ ਦਾ ਗੀਤ

-0-

ਇਹ ਸਭ ਕੁੱਝ
ਮੈਂ ਉਸ ਅੱਖ ਨੂੰ ਲਿਖਦਿਆਂ
ਤੱਕਿਆ
ਪਰ ਨਹੀਂ
ਮੈਂ ਕਲਾ ਦਾ ਖ਼ੂਨ ਹੋਣ ਨਹੀਂ ਦੇਣਾ
ਉਸ ਬੁੱਢੇ ਗੁਲਾਮ ਲਹੂ 'ਚੋਂ
ਪਾਣੀ ਸੁੱਕਣ ਨਹੀਂ ਦੇਣਾ
ਇਸ ਤਰ੍ਹਾਂ ਜ਼ਿੰਦਗੀ ਰੁਕ ਜਾਏਗੀ

ਕੋਈ ਹਾਦਸਾ ਨਹੀਂ ਜਨਮੇਗਾ
ਗ਼ਾਲਿਬ ਦੇ ਸ਼ਹਿਰ ਦੀ ਦੇਣ ਹੈ
ਇਹ ਤੀਸਰੀ ਅੱਖ
ਮੈਂ ਸ਼ਹਿਰ ਨੂੰ ਨਹੀਂ ਮੋਟਾਂਗਾ
ਉਂਝ ਵੀ ਸਰਲ ਜ਼ਿੰਦਗੀ ਦੀ ਦੇਣ ਜ਼ੀਰੋ ਹੈ
ਤੇ ਇਸ ਤੀਸਰੀ ਅੱਖ ਦਾ
ਮਤਲਬ ਇਹ ਨਹੀਂ
ਬੇਚਾਨ੍ਹਣ ਅੱਖਾਂ 'ਚ ਸਰੀਏ ਖੋਭ ਦੇਣਾ
ਤੇ ਇਸ ਅੱਖ ਨੂੰ
ਕੋਈ ਅਧੂਰਾ ਜਿਹਾ ਤੁਜਰਬਾ ਭੇਂਟ ਕਰਨਾ

-0-

ਸਰਲ ਜ਼ਿੰਦਗੀ ਕਿੰਨਾ ਧੋਖਾ ਹੈ
ਇਹ ਗੌਤਮ ਦੇ ਬੁੱਤ ਦੱਸਦੇ ਹਨ
ਜਾਂ
ਕਬੀਰ ਦੀ ਲਾਸ਼ ਤੇ ਪਿਆ
ਕੱਫ਼ਣ ਦੀ ਥਾਂ ਮੋਮਜਾਮਾ
"ਕਬੀਰਾਂ ਤੇਰੀ ਝੌਂਪੜੀ ਗਲ-ਕਟੀਅਨ ਕੇ ਪਾਸ
ਕਰਨਗੇ ਸੋ ਭਰਨਗੇ ਤੂੰ ਕਿਉਂ ਭਇਆ ਉਦਾਸ"

-0-

ਇਨ੍ਹਾਂ ਤ੍ਰਿਖੀਆਂ
ਤੇ ਅੱਥਰੀਆਂ ਭੀੜਾਂ ਚੋਂ
ਕਦੀ ਕਦੀ
ਰਾਤ ਦੀ ਰਾਣੀ ਦੀ ਮਹਿਕ ਆਉਂਦੀ ਹੈ
ਤੇ ਨਜ਼ਰ ਟੋਲਦੀ ਹੈ
ਗਰਭ ਜੂਨ 'ਚ ਪਿਆ
ਉਸ ਤੀਸਰੀ ਅੱਖ ਦਾ ਸਾਇਆ

ਜੋ ਕਿਸੇ ਮਹਿਬੂਬ ਦੀ ਅੜੀ ਤੇ ਰੋਣਾ ਚਾਹੁੰਦਾ ਹੈ
ਪਰ ਦਿਸਹੱਸੇ ਤੋਂ ਪਾਰ
ਝਾਉਲਿਆਂ ਦੇ ਸਾਗਰ ਚੋਂ
ਉੱਠਿਆ ਹਾਸਾ
ਸੰਗੀਨੀ ਕੰਧ ਵਾਂਗੂੰ ਸਾਵੇਂ
ਆ ਖਲੋਂਦਾ ਹੈ

-0-

ਇਸਤੋਂ ਅੱਗੇ
ਖ਼ਾਲਸ ਤੇ ਕੋਰੇ ਹਨ੍ਹੇਰੇ ਹਨ
ਜਿਨ੍ਹਾਂ ਦੀ ਲਪੇਟ 'ਚ ਆਇਆ ਸੂਰਜ
ਖਲਾਅ 'ਚ ਸਿਫ਼ਰੇ ਤੋਂ ਵੱਧ ਕੁੱਝ ਨਹੀਂ
ਇਹ ਹਨ੍ਹੇਰੇ ਹਮੇਸ਼ਾਂ
ਆਪਣੇ ਦਿਲ ਦੀ ਧੜਕਣ ਨਾਲ ਚਲਦੇ ਹਨ
ਇਨ੍ਹਾਂ ਦੇ ਖ਼ਾਸ ਸੁਆਸਾਂ ਨੂੰ
ਮੌਤ ਦੀ ਘਸਵੱਟੀ ਤੇ ਪਰਖਣ ਦੀ ਲੋੜ ਨਹੀਂ
ਇਹ ਸੱਜਰੇ ਜਨਮੇ ਮਨੁੱਖੀ ਹੱਥਾਂ ਨੂੰ
ਆਪਣੀ ਜੀਭ ਤੇ ਚੜ੍ਹਿਆ
ਮੌਤ ਦਾ ਜਾਲ ਭੇਂਟ ਕਰਦੇ ਹਨ
ਪਰ ਮਨੁੱਖੀ ਹੱਥ ਜੀਭ ਦਾ ਕੰਮ
ਨਹੀਂ ਕਰ ਸਕਦਾ
ਮਨੁੱਖੀ ਜੀਭ ਇਸ ਕੋਹੜ ਨੂੰ
ਕਿਵੇਂ ਚੱਟੇ ਔਖਾ ਹੈ

-0-

ਰੋਜ਼ ਸਾਡੇ ਜ਼ਿਹਨ 'ਚ ਜਲੂਸਾਂ ਦੇ ਜਲੂਸ
ਰੋਜ਼ ਸਾਡੇ ਜ਼ਿਹਨ ਦਾ ਕਤਲ
ਰੋਜ਼ ਸਾਡੀ ਹੋਂਦ ਦੇ ਉੱਡਦੇ ਪੁਰਜੇ
ਰੋਜ਼ ਸਾਨੂੰ ਨਿਹਾਲਦੀਆਂ

ਬੀਤਾ ਜਿਹੀਆਂ ਮਾਵਾਂ
ਰੋਜ਼ ਲਛਮਣ ਦੀ ਮਹਿਬੂਬਾ ਦਾ ਕਤਲ
ਰੋਜ਼ ਸੀਤਾ ਪਤੀਵਰਤਾ ਦਾ ਨਾਹਰਾ
ਰੋਜ਼ ਸਾਨੂੰ ਡੰਗਦੇ ਰਾਮ ਜਿਹੇ ਭਾਈ

-0-

ਜ਼ਰਾ
ਗ਼ਾਲਿਬ ਤੋਂ ਕਫ਼ਨ ਚੁੱਕ ਕੇ ਵੇਖੋ
ਜਾਣ ਜਾਓਗੇ
ਗ਼ਾਲਿਬ ਗ਼ਾਲਿਬ ਨਹੀਂ
ਕਬਰਸਤਾਨ ਹੈ
ਤੁਸੀਂ ਕਬਰਸਤਾਨ ਚੋਂ ਗ਼ਾਲਿਬ
ਗ਼ਾਲਿਬ ਚੋਂ ਕਬਰਸਤਾਨ ਨਹੀਂ ਤੱਕਿਆ
ਤੁਸੀਂ ਝਾਉਲਿਆਂ ਚੋਂ ਉੱਠੇ ਹਾਸੇ ਨੂੰ
ਧਮਕਾਉਂਦੇ ਹੋ
ਤੁਸੀਂ ਜ਼ਿੰਦਾਬਾਦ ਹੋ
ਤੇ ਦਿਸਹੱਦੇ ਤੋਂ ਪਾਰ ਗਈ
ਨਜ਼ਰ ਦੀ ਥਾਂ
ਲਹੂ ਦੇ ਗੀਤ ਮੁਰਦਾਬਾਦ ਹਨ
ਤੁਸੀਂ ਖੁਦਕੁਸ਼ੀ ਕਹਿਕੇ ਜ਼ਹਿਰ ਉਗਲਦੇ ਹੋ
ਇਸਤੋਂ ਵੱਧ ਕੀ ਹੈ
ਇਸ ਲਫ਼ਜ਼ ਦੇ ਉਹ ਜਨਮਦਾਤੇ ਹਨ

-0-

ਮੈਂ ਆਪਣੇ ਬੁਲੰਦ ਤਾਰਿਆਂ ਹੇਠਾਂ
ਲਹੂ ਦੇ ਗੀਤ ਲਿਖਦਾ ਹਾਂ
ਦਾਅਵਾ ਨਹੀਂ ਕਰਦਾ ਕਿ ਉੱਤਰੇ ਅੱਖਰਾਂ ਦਾ
ਰੰਗ ਕੀ ਹੋਣੈਂ
ਤੇ ਕਦੋਂ ਮੇਰੀ ਕਲਮ ਦੀ ਸਿਹਾਈ ਮੁੱਕ ਜਾਂਦੀ

-0-

## ਪੁਲ – ਪੁਲ

(ਕਵਿਤਾ ਬਾਰੇ)

ਇਸ ਕਵਿਤਾ ਵਿਚ ਚਾਰ ਪਾਤਰ ਹਨ

ਪਰਦਾ-ਤੇ ਦਰਸ਼ਕ ਆਪਣੇ ਅੰਤਰੀਵ ਭਾਵਾਂ ਦੀ ਅਭੀਵਿਅਕਤੀ ਸਦਕਾ ਪਾਤਰ ਹਨ

ਕਵਿਤਾ ਤੋਂ ਪਹਿਲਾਂ ਨਾਟਕੀ ਅੰਦਾਜ਼ ਵਿਚ ਇਕ ਗੈਬੀ ਆਵਾਜ਼ ਆਉਂਦੀ ਹੈ ਜੋ ਕਵਿਤਾ ਬਾਬਤ ਵਾਕਫ਼ੀਅਤ ਦਿੰਦੀ ਹੈ।

ਗੈਬੀ ਆਵਾਜ਼ :- ਨਾ ਮੈਥੋਂ ਅਜਨਬੀ ਬਣਿਆ ਹੀ ਜਾਂਦਾ ਹੈ
ਨਾ ਤੇਰੀ ਅੱਖ 'ਚ ਆਪਣਾ ਹੋਣ ਦੀ
ਕੋਈ ਆਸ ਹੈ ਬਾਕੀ
ਪੁਲ ਤਾਂ ਖੜ੍ਹਾ ਹੈ ਇਕ ਥਾਂ
ਜੋ ਪਾਣੀ ਲੰਘ ਗਿਆ ਥੱਲਿਉਂ
ਉਹ ਮੁੜਕੇ ਆ ਨਹੀਂ ਸਕਦਾ
ਪੁਲ ਦਾ ਹਾਦਸਾ ਪਾਣੀ ਦੇ ਨਾਲ ਵਹਿ ਗਿਆ ਸੱਜਣੀ
ਸਾਰੀ ਉਮਰ ਰੋਏਗਾ
ਭਲਾਮਾਣਸ ਹੁਣ ਮੁਸੱਕਰਾ ਨਹੀਂ ਸਕਦਾ
(ਆਵਾਜ਼ ਸ਼ਾਂਤ ਹੋ ਜਾਂਦੀ ਹੈ)

ਲਹਿਰ :- ਗੁਆਚੇ ਹਾਦਸੇ ਨੂੰ ਲੱਭ ਰਿਹਾ ਹਾਂ
ਉਂਗਲਾਂ ਦਿਲ ਦੇ ਜ਼ਖ਼ਮ 'ਚ ਦੇ ਕੇ
ਅੰਧੇਰੀ ਰਾਤ
ਕੁੱਝ ਡਰ ਹੈ ਰਾਹਾਂ ਦਾ
ਬੇਸ਼ੱਕ ਹੌਸਲਾ ਹੈ
ਦਰਦ ਵਿਚ ਭਿੱਜੇ ਹੋਏ ਸਾਹਾਂ ਦਾ
ਬੇਸ਼ੱਕ ਦਰਦ ਵੀ ਹੁਣ ਜਲ ਰਿਹਾ ਹੈ
ਮੇਰੇ ਲਹੂ ਸਦਕਾ
ਅੰਧੇਰਾ ਪਸਰਦਾ ਹੈ ਮੇਰੇ ਲਈ
ਤੇਰੇ ਲਹੂ ਸਦਕਾ

(ਲਹਿਰ ਅਤੇ ਗੈਬੀ ਬੋਲ ਅੰਧੇਰੇ ਵਿਚ ਅੰਧੇਰਾ ਹੋ ਗਏ ਹਨ ਜਾਂ ਅਲੋਪ ਹੋ ਗਏ ਹਨ ਅਜਿਹਾ ਹਨ੍ਹੇਰਾ ਹੈ)

ਅੰਧੇਰਾ :- ਪੁਲੰਦਾ ਖ਼ਤਾਂ ਦਾ ਸੱਜਣੀ
ਜਦੋਂ ਮੈਂ ਖੋਲ੍ਹ ਬਹਿੰਦਾ ਹਾਂ
ਦੇ ਕੇ ਸਿਰ ਉਜੜੇ ਖੂਹ 'ਚ
ਫਿਰ ਮੈਂ ਬੋਲ ਪੈਂਦਾ ਹਾਂ
ਮੇਰੀ ਆਵਾਜ਼ ਇਹ ਜਦ
ਬੁਲਬਲੀ ਕੰਠਾਂ ਨਾਲ ਜੁੜਦੀ ਹੈ
ਫਿਰ ਤੇਰੀ ਮੌਜ ਵਿਚ ਆ ਕੇ
ਮੇਰੀ ਬਹਾਰ ਰੁਲਦੀ ਹੈ
ਫੁੱਲਾਂ ਤੇ ਬੈਠ ਕੇ ਭੌਰਾ
ਜਦੋਂ ਕੋਈ ਗੀਤ ਗਾਉਂਦਾ ਹੈ
ਟੋਟਾ ਕਾਸ਼ਨੀ ਉਹ ਉਮਰ ਦਾ
ਫਿਰ ਯਾਦ ਆਉਂਦਾ ਹੈ
ਬੈਠੀ ਕੋਲ ਮੇਰੇ ਉਹ
ਰੰਤਾ ਮੁਸਕਾ ਕੇ ਕਹਿੰਦੀ ਹੈ
ਇਲਮ ਦੇ ਰੰਗ 'ਚ
ਗੀਤ ਇਕ ਲਟਕਾ ਕੇ ਕਹਿੰਦੀ ਹੈ
ਅਸਾਂ ਨਿੱਤ ਦੇ ਸ਼ਰਾਬੀ ਰਹਿਣਾ
ਔਖੀ ਏਂ ਤੇ ਕੰਧ ਕਰ ਲੈ
ਜ਼ਿੰਦੇ ਮੇਰੀਏ ਮਿੱਟੀ ਦੀਏ ਢੇਰੀਏ
ਉਹ ਚੰਨ ਵੇਖੋ
ਮੈਂ ਉਸਨੂੰ ਵੇਖਦੀ ਹਾਂ
ਚੁੰਨੀ ਮੁੱਠ 'ਚ ਲੈ ਕੇ
ਬੁੱਲ੍ਹ ਦਬਾਅ ਕੇ ਕਹਿੰਦੀ ਹੈ

ਤੇਰੇ ਬਿਨ ਜੀਅ ਨਹੀਂ ਸਕਦੀ
ਤੇਰੇ ਬਿਨ ਰਹਿ ਨਹੀਂ ਸਕਦੀ
ਕਹਾਂ ਕੀ ਹੋਰ ਸੱਜਣ ਜੀ
ਕਹੇ ਬਿਨ ਰਹਿ ਨਹੀਂ ਸਕਦੀ
ਬੋਲੀ ਇਸ ਤਰ੍ਹਾਂ ਦੀ
ਭਲਾਮਾਣਸ ਕਦੋਂ ਸੀ ਜਾਣਦਾ ਉਦੋਂ
ਨਹੀਂ ਤੇ ਸਿਰ ਫਿਰਾ ਅਖਵਾਕੇ ਮਰਦਾ
ਫਰਹਾਦ ਜਿਹਾ ਕਾਤਿਬ
ਬੜਾ ਔਖਾ ਹੈ
ਆਦਮੀ ਅਖਵਾ ਨਹੀਂ ਸਕਦਾ
ਪੁਲ ਦਾ ਹਾਦਸਾ ਪਾਣੀ ਦੇ ਨਾਲ ਵਹਿ ਗਿਆ ਸੱਜਣੀ
ਸਾਰੀ ਉਮਰ ਰੋਵੇਗਾ
ਭਲਾਮਾਣਸ ਹੁਣ ਮੁਸਕਾ ਨਹੀਂ ਸਕਦਾ
(ਬੋਲ ਲਹਿਰ ਤੇ ਅੰਧੇਰਾ ਇਕੱਠੇ ਹਨ)

ਦੁਖਾਂਤ :– ਪੁਲ ਦਾ ਹਾਦਸਾ
ਕੁੱਝ ਸਿਰੇ ਨਾ ਚੜ੍ਹਣ ਦੀ ਗੱਲ ਸੀ
ਕਿ ਪੁਲ ਹੰਝੂ ਸਿਮਦਾ ਰਿਹਾ
ਅਤੇ ਸਾਰੀ ਉਮਰ ਚੰਨ ਵੇਖਦਾ ਰਿਹਾ
ਤਾਰਿਆਂ ਨਾਲ ਸਾਂਝ ਪਾਉਂਦਾ ਰਿਹਾ
ਹੰਝੂ ਸਿਮਦਾ ਪੁਲ
ਇਕ ਦਿਨ ਆਪਣੇ
ਜੱਕਲੱਖ ਠੰਡੇ ਹਾਦਸੇ ਨੂੰ ਜਾ ਮਿਲਿਆ
ਇਹ ਮਿਲਣੀ
ਪੁਲ ਮਰਨ ਤੋਂ ਬਾਅਦ ਵੀ ਭੁੱਲਾ ਨਹੀਂ ਸਕਦਾ

ਪੁਲ ਦਾ ਹਾਦਸਾ ਪਾਣੀ ਦੇ ਨਾਲ ਵਹਿ ਗਿਆ ਸੱਜਣੀ
ਸਾਰੀ ਉਮਰ ਰੋਵੇਗਾ ਭਲਾਮਾਣਸ ਹੁਣ ਮੁਸਕਾ ਨਹੀਂ ਸਕਦਾ
(ਦੁਖਾਂਤ ਦੀ ਲਾਸ਼ ਅੰਧੇਰੇ ਨੇ ਸਮੇਟ ਲਈ ਹੈ। ਲਹਿਰ ਤੇ ਬੋਲ ਸ਼ਾਂਤ ਹੋ ਗਏ ਹਨ)

ਪਰਦਾ :- ਇਹ ਉਹ ਪੁਲ ਹੈ
ਜਿਹਦੇ ਤੇ ਮੈਂ ਤੇ ਤੂੰ ਖੜ੍ਹ ਕੇ
ਚੰਨ ਵੇਖਦੇ ਸਾਂ ਤਾਰੇ ਗਿਣਦੇ ਸਾਂ
ਉਦੋਂ ਸੱਚਮੁੱਚ
ਸਾਡੇ ਪੈਰਾਂ ਥੱਲੇ ਜ਼ਮੀਨ ਨਹੀਂ ਸੀ ਹੁੰਦੀ
ਪੁਲ ਥੱਲਿਉਂ ਦੇਖਣ ਦੀ ਵਾਦੀ
ਤੈਨੂੰ ਮੇਰੇ ਕੋਲੋਂ ਪਈ ਸੀ
ਤੈਨੂੰ ਯਾਦ ਹੈ
ਪੁਲ ਭੁੱਲਾ ਨਹੀਂ ਸਕਦਾ
ਪੁਲ ਦਾ ਹਾਦਸਾ ਪਾਣੀ ਦੇ ਨਾਲ ਵਹਿ ਗਿਆ ਸੱਜਣੀ
ਸਾਰੀ ਉਮਰ ਰੋਵੇਗਾ
ਭਲਾਮਾਣਸ ਹੁਣ ਮੁਸਕਾ ਨਹੀਂ ਸਕਦਾ

ਅੰਤ :- (ਸਭ ਕੁੱਝ ਵੀਰਾਨ ਹੈ ਸਿਰਫ਼ ਚੰਨ ਦੀ ਚਾਨਣੀ ਵਿਚ ਪੁਲ ਦਾ ਪ੍ਰਛਾਵਾਂ ਸਾਫ਼ ਸੁੱਥਰੇ ਵੇਗਮਈ ਪਾਣੀ ਦੀ ਹਿੱਕ ਤੇ ਪੈ ਰਿਹਾ ਹੈ ਅਤੇ ਦਰਸ਼ਕ ਪੁਲ ਪਾਰ ਕਰਕੇ ਘਰਾਂ ਨੂੰ ਜਾ ਰਹੇ ਹਨ।)

-----

## ਉਹ ਜੋ ਬੀਤ ਗਿਆ ਹੈ ਅੰਤਰੀਵ

ਉਹ ਜੋ ਕਈ ਵਰ੍ਹਿਆਂ ਤੋਂ
ਆਪਣੀ ਲਾਸ਼ ਮੋਢਿਆਂ ਤੇ ਚੁੱਕੀ
ਅਲਫ਼ ਨੰਗਾ
ਤੇਰੇ ਸ਼ਹਿਰ ਤੋਂ ਜੰਗਲ ਵਲ ਪਸਰ ਰਿਹਾ ਸੀ
ਬੱਤੀਆਂ ਦਾ ਸਾਥੀ ਸੀ
ਸੜਕ ਦੇ ਸੁਰਮਈ ਰੰਗ ਦਾ ਹਾਣੀ ਸੀ

–0–

ਉਸਦੀ ਵਸੀਅਤ ਤੋਂ ਪਤਾ ਲੱਗਦਾ ਹੈ
ਕਿ ਉਹ
ਉਹ ਨਹੀਂ ਸੀ ਜੋ ਉਸਨੇ ਕਿਹਾ ਸੀ
ਉਹ ਤਾਂ ਸੜਕ ਤੇ ਸਰਪਟ ਦੌੜਣ ਦੇ ਜੁਰਮ ਹੇਠਾਂ
ਖਰਬੂਜੇ ਵਾਂਗ ਕੱਟਿਆ ਗਿਆ ਸੀ

–0–

ਉਹ ਲਾਸ਼ ਮੋਢਿਆਂ ਤੇ ਚੁੱਕਣ ਵਾਲੀ
ਨਸਲ ਦਾ ਕਾਇਲ ਜ਼ਰੂਰ ਸੀ
ਪਰ ਉਸਨੇ
ਆਪਣਾ ਸਾਰਾ ਸਫ਼ਰ
ਪੁੱਠੇ ਪੈਰੀਂ ਮੁਕਾਇਆ ਸੀ
ਵਾਸਤਵ ਵਿਚ
ਉਹ ਹਰੀ ਪੱਤੀ ਤੇ ਪਏ
ਸ਼ਬਨਮ ਦੇ ਕਤਰੇ 'ਚ ਛੁਪੇ
ਸਮੁੰਦਰ ਦਾ ਕਾਇਲ ਸੀ
ਸਫ਼ੈਦੀ ਤੋਂ ਉਸਨੂੰ ਨਫ਼ਰਤ ਸੀ
ਤੇ ਸ਼ਬਨਮ ਦੀ ਉਮਰ
ਉਸਨੇ ਇਕ ਅੱਥਰੀ ਕੁੜੀ ਦੀ
ਅੱਖ ਚੋਂ ਤੱਕੀ ਸੀ

–0–

ਉਸਦਾ ਵਸੀਅਤ ਵਿਚ ਕਹਿਣਾ ਸੀ
ਕਿ ਉਹ ਧਰਤੀ ਦੀ ਗੋਲਾਈ ਤੋਂ
ਬੜਾ ਭੈਭੀਤ ਰਿਹਾ ਹੈ
ਇਸ ਲਈ
ਉਸਨੇ ਚੌਨੁਕਰੀ ਇਲੈਕਟਰਾਨਿਕ
ਧਰਤੀ ਨੂੰ ਸਿਰਜਿਆ
ਜਿਸ ਵਿਚ ਉਸਨੂੰ
ਸ਼ਬਨਮ ਚੋਂ ਸਮੁੰਦਰ
ਅਤੇ ਸ਼ਬਨਮ ਦੀ ਉਮਰ
ਉਸ ਕੁੜੀ ਦੀ ਅੱਖ ਚੋਂ
ਤੱਕਣ ਦੀ ਲੋੜ ਨਹੀਂ ਸੀ

-0-

ਸਗੋਂ ਹਰ ਇਕ ਲੋੜ
ਅਨੁਕੂਲ ਕਾਢ ਨੂੰ ਜਨਮ ਦੇ ਕੇ
ਉਸਦੀ ਧਰਤੀ ਛੱਡ ਜਾਂਦੀ ਸੀ
ਮੈਂ ਉਸਨੂੰ ਗੇਟ ਵੇ ਆਫ਼ ਇੰਡੀਆ
ਤੇ ਲਟਕਦਾ ਤੱਕਿਐ
ਤੇ ਬੋਸ ਦੀ ਖ਼ਬਰ ਵਾਂਗ
ਮੈਂ ਉਸਨੂੰ ਤਾਜ ਮਹਿਲ ਦੀਆਂ
ਪੌੜੀਆਂ ਚੜ੍ਹਦੇ ਉਤਰਦੇ ਦੇਖਿਆ ਹੈ

-0-

ਉਹ ਜੋ ਕਈ ਵਰ੍ਹਿਆਂ ਤੋਂ
ਆਪਣੀ ਲਾਸ਼ ਮੋਢਿਆਂ ਤੇ ਚੁੱਕੀ
ਅਲਫ਼ ਨੰਗਾ
ਤੇਰੇ ਸ਼ਹਿਰ ਤੋਂ ਜੰਗਲ ਵੱਲ ਪਸਰ ਰਿਹਾ ਸੀ
ਬੱਤੀਆਂ ਦਾ ਸਾਥੀ ਸੀ
ਸੜਕ ਦੇ ਸੁਰਮਈ ਰੰਗ ਦਾ ਹਾਣੀ ਸੀ

----

## ਸਾਹਸ

ਇਨ੍ਹਾਂ ਅੱਖ਼ਰਾਂ ਦੀ ਦੁਨੀਆਂ 'ਚ
ਚੈਨ ਲੱਭਣ ਲਈ
ਤੈਨੂੰ ਲੱਭਣਾ ਕਦਮ ਨਾਲ ਕਦਮ
ਮੇਲ ਕੇ ਚਲ੍ਹਣਾ ਜ਼ਰੂਰੀ ਨਹੀਂ
ਜ਼ਰੂਰੀ ਹੈ
ਬੱਦਲ ਬਣਕੇ ਸੂਰਜ ਤੇ ਛਾਅ ਜਾਣਾ
ਤੇ ਚੰਦਰਮਾ ਨੂੰ
ਆਪਣੇ ਪਤਾਵੇ ਹੇਠ ਧਰ ਲੈਣਾ

-0-

ਤਾਰੇ ਗਿਣਨ ਦੀ ਆਦਤ
ਬਾਹਲੀ ਚੰਗੀ ਨਹੀਂ
ਪਰ ਜਿਉਣ ਲਈ ਕੀ ਮਾੜਾ ਹੈ
ਤਾਰੇ ਗਿਣਦਾ ਗਿਣਦਾ
ਦਮਾਂ ਤੇ ਆ ਪੁੱਜਾ ਹਾਂ
ਸ਼ਾਹ ਰਗ 'ਚ ਸ਼ਾਇਦ
ਕੁੱਝ ਤੇਰਾ ਅਟਕਿਆ ਹੈ ਬਾਕੀ
ਜੋ ਮੇਰੀਆਂ ਬੋਝਲ ਅੱਖ਼ਾਂ ਤੇ ਥੱਕੇ ਦਮ
ਮੁੜ ਪੀਚ ਗਏ ਚਾਨਣਾ ਦੇ ਸਾਗ਼ਰ
ਯਤਨਾਂ ਦੇ ਪਹਾੜ
ਇਕ ਦੋ ਫੱਕੇ ਅੱਗ ਦੇ
ਫਿਰ ਦਿਲ ਮਾਰਨਾ ਚਾਹੁੰਦੈ
ਬੇਅਰਥ ਰਾਹਾਂ ਦੇ ਪਿੰਡੇ ਠ੍ਹਾਰਨਾ ਚਾਹੁੰਦੈ
ਪਤਾ ਨਹੀਂ
ਫਿਰ ਗੁਆਚਣ ਦੀ ਲ਼ਾਲਸਾ ਹੈ ਕਿਉਂ

-0-

ਇਨ੍ਹਾਂ ਅੱਖ਼ਰਾਂ ਦੀ ਦੁਨੀਆਂ 'ਚ
ਚੈਨ ਲੱਭਣ ਲ਼ਈ
ਤੈਨੂੰ ਲੱਭਣਾ ਕ਼ਦਮ ਨਾਲ ਕਦਮ
ਮੇਲ ਕੇ ਚਲਣਾ ਜ਼ਰੂਰੀ ਨਹੀਂ
ਜ਼ਰੂਰੀ ਹੈ.....

----

# ਸਲੱਗ

ਜਦੋਂ ਮੈਂ
ਉਸਨੂੰ ਪਹਿਲੀ ਵਾਰ ਤੱਕਿਆ
ਤਾਂ ਉਹ ਨੂਰੀ ਸੁੰਦਰੀ ਸੀ
ਮੈਂ ਉਸਦੇ ਬਗੀਚੇ ਦੇ ਪਿੱਛਵਾੜੇ
ਇਕ ਫੁੱਲ ਬਣਕੇ ਉੱਗਿਆ
ਗੁਆਂਢਣ ਨਰਗਸ ਦੀ ਬਗਲ ਚੋਂ
ਇਕ ਸਲੱਗ ਰੀਂਗਿਆ
ਅਤੇ ਖਿੜਣ ਤੋਂ ਪਹਿਲਾਂ ਹੀ
ਮੈਨੂੰ ਖਾ ਗਿਆ
ਇਹ ਈਸਾ ਦੇ ਜੰਮਣ ਤੋਂ ਪਹਿਲਾਂ ਦੀ ਗੱਲ ਹੈ
ਉਸ ਵੇਲੇ ਉਸ ਸੁੰਦਰੀ ਦੀ ਉਮਰ
ਉਸ ਬੋਹੜ ਜਿੱਡੀ ਸੀ
ਜਿਸਦੇ ਫੁੱਲਾਂ ਚੋਂ ਜੜ੍ਹਾਂ
ਜੜ੍ਹਾਂ ਚੋਂ ਫੁੱਲ ਫੁੱਟ ਪਏ ਹੋਣ

-0-

ਪਿਛਵਾੜੇ ਉੱਗਿਆ ਫੁੱਲ
ਕੰਧ ਓਹਲੇ ਪ੍ਰਦੇਸ਼ ਹੈ
ਜਿਸਨੂੰ ਸਲੱਗ ਕਿਸੇ ਵੇਲੇ ਵੀ
ਕਿਸੇ ਅਵਸਥਾ ਵਿਚ ਵੀ ਨਿਗਲ
ਸਕਦਾ ਹੈ
ਤੇ ਉਹ ਬੋਹੜ
12 ਸੂਤਰੀ ਸ਼ੀਸ਼ੇ ਦੇ ਚੌਖਟ ਫਰੇਮ 'ਚ ਬੰਦ ਹੈ
ਜਿਸ ਤੇ ਇਕ ਚਿੜੀ ਜਿੱਡੀ ਘੁੱਗੀ
ਉਸ ਫੁੱਲ ਦੀ ਜ਼ੁਬਾਨ ਬਣ
ਤੂੰ ਹੀ ਤੂੰ ਹੀ ਦੀ ਰਟ ਲਗਾ ਰਹੀ ਹੈ

ਇਹ ਕਵਿਤਾ ਵਿਚਲੀ Fantasy ਨਹੀਂ
ਸਗੋਂ ਸਭ ਕੁੱਝ ਯਥਾਰਥਕ ਹੈ
ਜਿਸਨੂੰ ਉਹ ਸੁੰਦਰੀ
ਕਈ ਵਾਰੀ ਮੱਛੀ ਦੀ ਪ੍ਰੂੰਗ ਦੀ ਅੱਖ ਚੋਂ
ਕਈ ਵਾਰੀ
ਬੈਠਵੀਂ ਦੁਆਤ ਜਿੱਡੇ ਸੰਤਰੇ ਦੇ
ਰੁੱਖੀਂ ਤਣੇ ਚੋਂ ਵੇਖਦੀ ਹੈ

-0-

ਕੁੱਝ ਸਾਲਾਂ ਦੀ ਵਿੱਥ ਤੇ
ਇਕ ਅੰਬ ਦਾ ਬੂਟਾ ਹੈ
ਜਿਸ ਤੇ ਬੈਠੀ ਸਫ਼ੈਦ ਕੋਇਲ
ਫ਼ਰੀਦ ਨਾਲ ਵਾਦ-ਵਿਵਾਦ ਕਰ ਰਹੀ ਹੈ
ਅਤੇ ਉਸਦੇ ਪੈਰਾਂ 'ਚ ਬੈਠਾ ਇਕ ਤੋਤਾ
ਮਾਈਕ੍ਰੋਸਕੋਪ ਵਿਚੋਂ ਸਾਫ਼ ਦਿੱਸਦਾ ਹੈ
ਉਸ ਫੁੱਲ ਨੂੰ
ਉਸ ਸੁੰਦਰੀ ਨੂੰ ਹਾਈ ਕਹਿੰਦਾ

-0-

ਫੁੱਲ ਮੋਏ ਨੂੰ ਭਾਵੇਂ
ਕਈ ਸਦੀਆਂ ਹੋ ਗਈਆਂ ਹਨ
ਪਰ ਫੁੱਲ ਦਾ ਦਰਦ
ਕੋਇਲ ਦੇ ਕੰਠ 'ਚ ਘੁੱਗੀ ਦੀ ਤੂੰ 'ਚ
ਅਤੇ ਸੁੰਦਰੀ ਦੀ ਮੈਂ ਚੋਂ ਨਿਕਲ
ਉਸ ਸਲੱਗ ਦੇ ਪੇਟ ਵਿਚ
ਕਾਲਾ ਗੁਲਾਬ ਬਣ ਉੱਗਿਆ ਹੈ
ਜਿਸਦੀ ਛਾਵੇਂ
ਨਰਗਸ ਦੇ ਸੱਜੇ ਹੱਥ ਦੀਆਂ ਦੋ ਉਂਗਲਾਂ ਤੇ

ਦੋ ਬਾਂਦਰੀ ਦੇ ਬੱਚੇ ਨੱਚ ਰਹੇ ਹਨ
ਛੁਦਕ ਰਹੇ ਹਨ
ਤੇ ਅੰਤ ਥੱਕ ਜਾਂਦੇ ਹਨ
ਦੋ ਪਲ ਸਾਹ ਲੈਂਦੇ ਹਨ
ਲੋਕਾਂ ਦੇ ਪਿੜ ਵਿਚ
ਸੂਏ ਦੇ ਨੱਕੇ ਚੋਂ
ਰੇਲ ਗੱਡੀ ਗੁਜ਼ਰ ਰਹੀ ਹੈ
ਤੇ ਅੱਖ ਦੇ ਅੱਥਰੂ 'ਚ
ਹਾਥੀ ਡੁੱਬਕੇ ਮਰ ਗਿਆ ਹੈ
ਜੰਗਲ ਦੀ ਹਵਾ
ਰੁੱਖਾਂ ਦੇ ਸਿਰਾਂ ਤੋਂ ਲੰਘਦੀ
ਸ਼ੂਕ ਸ਼ੂਕ ਕੇ ਕਹਿ ਰਹੀ ਹੈ
ਅਸਮਾਨ ਧਰਤ ਹੋ ਗਿਆ ਹੈ
ਅਸਮਾਨ ਧਰਤ ਹੋ ਗਿਆ ਹੈ

----

## ਸੜਕ ਦੇ ਸਫ਼ੇ 'ਤੇ

(ਜਦੋਂ ਮੈਂ ਬੰਬਈ ਸਾਂ)

ਰੌਸ਼ਨੀ ਛੱਣ-ਛੱਣ ਕਰਦੀ
ਇਕ ਮੰਜ਼ਿਲ ਤੋਂ ਦੂਜੀ ਮੰਜ਼ਿਲ
ਤਕ ਜਾਂਦੀ ਹੈ
ਕਿਤੇ ਹਨ੍ਹੇਰਾ ਵੇਖਣ ਨੂੰ ਨਹੀਂ

-0-

ਉਹ ਕੁੜੀ ਜੋ ਬੱਸ 'ਚ ਬੈਠੀ
ਮਾਂ ਸਾਲਮ ਸੀ
ਬਸੋਂ ਉਤਰੀ ਧੀ ਸੀ ਪੂਰੀ
ਚੌਂਕ 'ਚ ਖੜ੍ਹੀ ਸਾਲਮ ਮਹਿਬੂਬਾ
ਪੌੜੀਆਂ ਚੜ੍ਹੇ ਤਾਂ ਅੱਗ ਬਣ ਜਾਏ
ਖ਼ੁਦ ਸੜ ਜਾਏ

-0-

ਉਮਰਾਂ ਨਾਲੋਂ ਡੂੰਘੀਆਂ ਖਾਈਆਂ
ਕਿਤੇ ਫੁੱਲਾਂ ਤੇ ਸ਼ਬਨਮ ਹੱਸੇ
ਕਿਤੇ ਸ਼ਬਨਮ ਦਾ ਭਾਰ
ਫੁੱਲਾਂ ਤੋਂ ਸਹਿਆ ਨਾ ਜਾਏ

-0-

ਸੱਟੇ ਬਾਜ਼ਾਰ 'ਚ
ਕ੍ਰਿਸ਼ਨਾ ਹੁਣ ਵੀ ਸਖ਼ੀਆਂ ਸੰਗ
ਰਾਸ ਰਚਾ ਮੁਰਲੀ ਵੱਜਾ ਰਿਹਾ ਹੈ
ਹਾਥੀ ਦੇ ਕੰਨਾਂ ਲਈ ਚੀਤੇ ਦੀ ਪੂਸ਼ਲ ਲਈ
ਤੇ ਤੰਦੂਏ ਦੀ ਸ਼ਹਿਬਤ ਲਈ
ਉਤਲੀ ਮੰਜ਼ਿਲ ਤੇ ਇਕ ਤੰਦੂਆ
ਰਾਧਾ ਦੇ ਲੱਕ ਦੁਆਲੇ ਆਪਣੀ ਤੰਦ ਲਪੇਟ

ਉਸਨੂੰ ਮੁਰਲੀ ਦੀ ਤਾਨ ਨਾਲ
ਆਪਣੀ ਕਾਮ ਇੰਦਰੀ ਦੇ ਨਿਕਟਤਮ
ਲਿਆ ਰਿਹਾ ਹੈ
ਕੰਧ ਤੇ ਚਿਪਕੇ ਹੋਏ ਨੇ
ਨਕਲੀ ਰਾਸ਼ਟਰ ਪਿਤਾ
ਜਿਨ੍ਹਾਂ ਦੀ ਟਿੰਡ ਤੇ
ਮੌਸਮ ਦੀ ਤਬਦੀਲੀ ਸਦਕਾ
ਇਕ ਸੂਤਰ ਤੋਂ 17 ਸੂਤਰ ਦੀ ਲੰਬਾਈ
ਤਕ ਦੇ ਵਾਲ ਉੱਗ ਆਏ ਹਨ
ਪਹਿਲਾਂ ਤਾਂ
ਗੋਕਲ ਦਾ ਮੱਖਣ ਇਨ੍ਹਾਂ ਖਾਲਸ ਹੈ
ਕਿ ਕ੍ਰਿਸ਼ਨ੍ਹਾ
ਦਰੋਪਤੀ ਰਾਧਾ ਫ਼ਰੀਦਾ ਜਾਂ ਲਕਸ਼ਮੀ
ਦੀ ਲਾਜ ਬਚਾਉਣ ਲਈ
ਸੁਦਰਸ਼ਨ ਚੱਕਰ ਉਠਾ ਹੀ ਨਹੀਂ ਸਕੇਗਾ
ਦੂਜਾ ਕ੍ਰਿਸ਼ਨਾ
ਅਠਾਰਾਂ ਖ਼ੂਨੀਆਂ ਦੇ ਮਲੱਬੇ ਹੇਠੋਂ
ਨਿਕਲ ਆਵੇ ਇਹ ਸੰਭਵ ਨਹੀਂ

-0-

ਰਾਸ਼ਟਰ ਪਿਤਾ ਦੀ ਗੱਲ ਛੱਡੋ
ਉਹ ਗੁਰਦੇ ਰਹਿਤ ਆਦਮੀ ਹੈ
ਉਂਝ ਉਸਦੇ ਸਿਰ ਤੇ ਉੱਗੇ ਵਾਲਾਂ ਦਾ
ਕਾਰਣ ਲੱਭਣ ਲਈ
ਅੱਧੇ ਤੋਂ ਵੱਧੇਰਾ ਭਾਰਤ ਸਰਕਾਰ ਵੱਲੋਂ
ਕਮਿਸ਼ਨ ਦੇ ਤੌਰ ਤੇ ਕੰਮ ਕਰ ਰਿਹਾ ਹੈ

ਘੰਟੀਆਂ ਵੱਜ ਰਹੀਆਂ ਹਨ ਮੁਲਕ ਵਿਚ
ਸਕੂਲ ਲਗ ਰਹੇ ਹਨ
ਪਰ ਵਿਦਿਆਰਥੀ ਮੋਏ ਪਏ ਹਨ
ਕਲਾਸਾਂ ਤੋਂ ਬਾਹਰ
ਤੇ ਸਰਕਾਰ ਨੇ ਮਾਸਟਰਾਂ ਨੂੰ
ਚਾਕ ਨਾਲ ਬਲੈਕ ਬੋਰਡ ਤੇ ਵਾਹ ਕੇ
ਪੜ੍ਹਾਉਣਾ ਸ਼ੁਰੂ ਕਰ ਦਿੱਤਾ ਹੈ
ਰਾਜਨੀਤੀ ਸ਼ਾਸ਼ਤਰ

-0-

ਤੰਦੂਆ ਆਪਣੀ ਕਾਮ-ਇੰਦਰੀ ਰਾਹੀਂ
ਉਸ ਬਲੌਰੀ ਅੱਖਾਂ ਵਾਲੀ ਕੁੜੀ ਨੂੰ
ਆਪਣੇ ਅੰਦਰ ਤੀਕ ਲੈ ਗਿਆ ਹੈ
ਉਹ ਜਾਣਦਾ ਹੈ
ਅੱਜ ਦਾ ਕ੍ਰਿਸ਼ਨਾ ਨੰਗਾ ਹੈ
ਲੱਜਿਆ ਸਦਕਾ ਸਾਹਮਣੇ ਨਹੀਂ
ਆ ਸਕਦਾ
ਰਤਾ ਹੋਰ ਤਰਕਮਈ ਤਿਊੜੀਆਂ
ਆਪਣੇ ਮੱਥੇ ਤੇ ਪਾ ਕੇ
ਤੰਦੂਆ ਮਹਾਂਭਾਰਤ ਦਾ
ਇਕ ਵਰਕਾ ਪਲਟਦਾ ਹੈ
ਮੈਂ ਦੁਰਯੋਧਨ ਹਾਂ
ਚਲੋ ਇਹ ਵੀ ਕਰਮ ਭੋਗ ਹਨ
ਦੁਸ਼ਮਣ
ਤੂੰ ਮੇਰੇ ਜਿਸਮ ਤੇ ਕੇਲੇ ਦੀ ਕਲਮ ਨਾਲ
ਮੌਤ ਦਾ ਨਿਸ਼ਾਨ ਬਣਾਇਆ ਸੀ

ਇਸ ਲਈ
ਮੈਂ ਤੈਨੂੰ ਆਦਿ ਤੋਂ ਅੰਤ ਵੱਲ ਨਹੀਂ
ਸਗੋਂ ਅੰਤ ਤੋਂ ਆਦਿ ਵੱਲ ਖਾਣਾ ਸ਼ੁਰੂ ਕੀਤਾ ਹੈ
ਤੰਦੂਆ
ਸ਼ਾਇਦ ਸਾਲਮ ਕੁੜੀ
ਨਿਗਲ ਗਿਆ ਹੈ
ਤੰਦੂਆ ਤੰਦੂਆ ਹੈ
ਚਾਹੇ ਸਮੁੰਦਰ ਦਾ ਹੈ
ਚਾਹੇ ਖਾਸ ਬੰਬਈ ਦਾ

-0-

ਰੌਸ਼ਨੀ ਛੱਣ-ਛੱਣ ਕਰਦੀ
ਇਕ ਮੰਜ਼ਿਲ ਤੋਂ
ਦੂਜੀ ਮੰਜ਼ਿਲ ਤੱਕ ਜਾਂਦੀ ਹੈ
ਕਿਤੇ ਹਨ੍ਹੇਰਾ ਵੇਖਣ ਨੂੰ ਨਹੀਂ
ਕਿਤੇ ਹਨ੍ਹੇਰਾ ਵੇਖਣ ਨੂੰ ਨਹੀਂ

-----

## ਗਰਭ-ਜੂਨ

ਮੈਂ ਜੋ
33-34 ਵ਼ਰ੍ਹੇ ਗਰਭ 'ਚ ਰਿਹਾ ਹਾਂ
ਮਸਤਕ ਤੋਂ ਧੁਨੀ ਤਕ ਦੇ
ਸਫ਼ਰ ਦੀ ਸ਼ਾਂਝ ਦਾ ਨਸ਼ਾ
ਬੇਸੁਰਤੀਆਂ ! ਬੇਇਖ਼ਤਿਆਰੀਆਂ !!
ਮੈਂ ਕੀ ਜਾਣਾ
ਤੇਰੀ ਜ਼ੁਲਫ਼ ਦਾ ਸਿਰਾ
ਤੇਰੇ ਲਈ ਜੋ ਪੁੱਠਾ ਹੈ
ਮੇਰੇ ਲਈ ਉਹ ਸਿੱਧਾ ਹੈ
ਉਸ ਸੁਰਮਈ ਸੜਕ ਵਾਂਗ
ਜੋ ਧੁੰਨੀ ਤੋਂ ਮਸਤਕ ਤਕ
ਮਸਤਕ ਤੋਂ ਧੁੰਨੀ ਤਕ
ਮੇਰੀ ਮਾਂ ਦੇ ਬੋਲਾਂ ਵਾਂਗ ਸਿਧੀ ਹੈ
ਮੈਂ ਜੋ
33-34 ਵਰ੍ਹੇ ਗਰਭ ਵਿੱਚ ਰਿਹਾ ਹਾਂ

-0-

ਮੈਂ
ਆਪਣੇ ਜ਼ਿਹਨ 'ਚ ਵਸ ਰਹੇ
ਸਭਿਅਤਾ ਤੇ ਅਸਭਿਅਤਾ ਦੀ
ਟੀਸੀ ਤੇ ਖੜੇ
ਉਨ੍ਹਾਂ ਰਬੜ ਦੇ ਜਨਾਨਾ
ਮਰਾਠੀ, ਗੁਜਰਾਤੀ, ਸਿੰਧੀ, ਬੰਗਾਲੀ
ਤੇ ਕਈ ਹੋਰ ਖਿਡਾਉਣਿਆਂ ਦੇ
ਚਿਹਰਿਆਂ ਤੋਂ ਬੜਾ ਭੈਭੀਤ ਰਿਹਾ ਹਾਂ
ਅਤੇ ਮੈਨੂੰ ਜਮਾਂਦਰੂ ਹੀ
ਬੜਾ ਬੌਣਾ ਲੱਗਾ ਹੈ

ਗੁੱਤ ਕਰਨੀ
ਜਾਂ ਸਲਵਾਰ ਪਹਿਨਣਾ
ਇਹ ਮੇਰੀ ਖ਼ਸਲਤ ਹੈ
ਅਤੇ ਇਹ ਸਭ ਕੁੱਝ ਮੈਂ
ਆਪਣੇ ਵਿਚ ਸ਼ਾਮਲ ਹੋ ਰਹੀ
ਇਕ ਸੰਧੂਰੀ ਚਿਹਰੇ ਵਾਲੀ
ਬ੍ਰਾਹਮਣ ਪਹਾੜਨ ਕੁੜੀ ਦੇ
ਆਗ਼ਮਨ 'ਚ ਕਿਹਾ ਸੀ
ਜਦੋਂ ਮੈਂ ਕਸ਼ਮੀਰ ਸਾਂ
ਪਤਨੀ ਟਾਪ ਤੇ ਬੈਠਾ ਵਿਸਮਦਾ
ਤੇ ਉਸ ਕੁੜੀ ਦੇ ਜਿਸਮ
ਵਿਚਲੀ ਵਿਸ ਦਾ ਭਾਰ
ਉਸ ਬਰਫ਼ਾਨੀ ਸੱਪ ਜਿੰਨਾ ਹੈ
ਜੋ ਇਕ ਬੂੰਦ ਦੁੱਧ
33-34 ਵਰ੍ਹਿਆਂ ਵਿਚ
ਪੀਣ ਦੀ ਸਮਰੱਥਾ ਰੱਖਦਾ ਹੈ
ਇਕ ਬੂੰਦ ਦੁੱਧ ਤੋਂ ਵੱਧ
ਉਸਦੀ ਸੱਤਾ ਨੂੰ ਮਾਪਣਾ ਹੀ ਨਹੀਂ
ਸਗੋਂ ਉਸਦੇ ਪੇਟ ਵਿਚ ਛੁਰਾ ਘੋਪਣਾ ਹੈ
ਇਸਨੂੰ ਮੈਂ
ਬਰਫ਼ ਦੇ ਮੈਦਾਨ ਵਿਚ
ਸਰੀਰੋਂ ਨੰਗਾ ਵੇਖਿਆ ਹੈ
ਉਸ ਵੇਲੇ ਸਾਂਵਲੀ ਫ਼ਰੀਦਾ
ਮੇਰੀ ਦੇਹ ਵਿਚਲੇ ਵਿਸ ਘੋਲ ਰਹੇ
ਸੱਪ ਦੀ ਪੂਸ਼ਲ ਚਬਾ ਰਹੀ ਸੀ
ਮੈਂ ਜੀਵਨ ਅੱਗਣ ਨੂੰ
ਇਨ੍ਹੀ ਉਤੇਜਤਾ ਨਾਲ ਬਲਦੇ ਵੇਖਿਆ ਹੈ

ਕਿ ਜੱਕਲੱਖ ਠੰਡੇ ਹਾਦਸੇ
ਜੀਵਨ ਰੌਅ ਵਿਚ ਮਸ਼ਾਲਾਂ ਵਾਂਗ ਜਗਦੇ ਹਨ
ਅਤੇ ਕਈ ਵਾਰੀ
ਹ਼ੱਡ-ਮਾਸ ਵ਼ਿਚਲੇ ਤਾਅ ਨੂੰ
ਬਲਣ ਦੀ ਜਾਂਚ ਦੱਸ ਜਾਂਦੇ ਹਨ
ਇਸੇ ਰੁੱਤੇ
ਕਿਸੇ ਸੈਕਸਪੀਅਰ ਦੀ ਲਗਰ ਫੁੱਟਦੀ ਹੈ
ਜਾਂ ਕੋਈ ਸ਼ਿਵ ਜਿਹਾ ਕੁਕਨੂਸ ਜਨਮਦਾ ਹੈ
ਜਾਂ
ਕਿਸੇ ਨਰਗਸੀ ਫੁੱਲ ਖ਼ਾਤਰ
ਖ਼ੁਸ਼ੀ 'ਚ ਰੋ ਰਹੀ ਸ਼ਬਨਮ ਦੀ ਅੱਖ ਚੋਂ
ਇਕ ਅੱਥਰੂ
ਸਮੁੰਦਰ ਦੀ ਸ਼ਾਂਤ ਅੱਖ 'ਚ ਡਿੱਗਦਾ ਹੈ
ਤੇ ਵਹਿ ਤੁਰਦਾ ਹੈ
ਅਮ੍ਰਿਤਾ ਦੇ ਗੀਤ ਵਾਂਗ
"ਅੱਜ ਤੈਨੂੰ ਯਾਦ ਕੀਤਾ
ਅੱਗ ਨੂੰ ਚੁੰਮਿਆ ਅਸਾਂ"

-0-

ਇਹ ਕੋਈ ਛੀਬੇ ਸੱਪ ਨਹੀਂ
ਜੋ ਡੰਗ ਪਿਛੋਂ
ਆਪਣੀ ਨਸਲ ਤੇ ਲੱਗਾ ਕਲੰਕ
ਹੋਰ ਵੀ ਕਾਲਾ ਕਰ ਦੇਣ
ਇਹ ਕੁੜੀਆਂ ਨੇ
ਤਾਜ਼ ਮਹਿਲ ਹੇਠਾਂ ਖੜ੍ਹੀਆਂ
ਸਮੁੰਦਰ 'ਚ ਡੁੱਬਦੇ ਜਹਾਜ਼ ਦੇਖ ਰਹੀਆਂ ਹਨ
ਸਾਲੀਆਂ ਮਰਾਠਣਾਂ ਤੇ ਸਿੰਧਣਾਂ
ਆਪ ਉਂਝ ਤੈਰ ਰਹੀਆਂ ਹਨ

ਕਾਗ਼ਜ਼ਾਂ ਦੀ ਬੇੜੀ ਤੇ
ਉਹ ਮਹਿੰਦੀ ਰੰਗੀ
ਸਾੜ੍ਹੀ ਵਾਲੀ ਸਿੰਧਣ ਵਾਲੀ ਟਾਪ ਹੈ
ਸਮੁੰਦਰ ਦੇ ਜ਼ਖ਼ੀਰੇ ਵਾਂਗ ਖ਼ੂਬਸੂਰਤ
ਇਹ 36 ਨੰਬਰ ਕਮਰੇ ਵਾਲੀ ਹੈ
ਤੇ ਨਸ਼ੇ ਦੀ ਲੋਰ 'ਚ
ਮੇਰਾ ਦੋਸਤ ਆਖ਼ਦਾ ਹੈ
ਅਸੀਂ 26 ਦੇ ਹਾਂ
ਜਿਵੇਂ ਹੁਣੇ ਹੀ ਉਸਦੀ ਨਜ਼ਰ
ਇਸ ਨਿਰੀ ਲੁੱਟ ਵਰਗੀ
ਸਿੰਧਣ ਦੀ ਸਰੀਰਕ ਭੂਗੋਲ
ਪੜ੍ਹਕੇ ਆਈ ਹੋਵੇ
ਆਖਣ ਲੱਗਾ
ਜਨਾਬ ਅਸਾਂ ਬਾਬਿਆਂ ਨੂੰ
ਨੰਗਾ ਵੇਖਿਆ ਹੈ
ਬਸ ਤਾਜ ਮਹਿਲ ਦੀਆਂ ਮੰਜ਼ਿਲਾਂ
ਜਿੰਨਾਂ ਮਜ਼ਬੂਤ
ਤੇ ਸਮੁੰਦਰ ਵਰਗਾ ਗਹਿਰਾ
ਤੇ ਵਿਸ਼ਾਲ ਹਾਸਾ ਹੱਸਦੇ ਹਨ ਸੱਜਣ

-0-

ਮੈਂ ਦੱਸ ਚੁੱਕਾ ਹਾਂ ਨਾ
ਮੇਰੀ ਸਾਂਝ ਰਹੀ ਹੈ
ਲਹੂ ਮਾਸ ਨਾਲ ਗਰਭ ਨਾਲ
ਹੁਣ ਵੀ ਮੈਂ
ਗਰਭ ਚੋਂ ਹੀ ਬੋਲ ਰਿਹਾ ਹਾਂ
ਇਕ ਅਸ਼ਗਣਾਂ ਪੁੱਤਰ
ਜੋ ਪਰਨਾਲੇ ਤੇ ਉੱਗਿਆ ਬੋਹੜ ਹੈ

ਹੁਣ ਜੜ੍ਹ ਵੀ ਹੋ ਸਕਦਾ ਹਾਂ
ਪੱਤਾ ਤਾਂ ਮੈਂ ਪਹਿਲਾਂ ਹੀ ਸੀ

-0-

ਬੰਗਾਲਣਾਂ ਤਾਂ ਮਾਂ ਆਖਦੀ ਹੈ
ਵਾਹੇਗੁਰੂ ਬੋਲ ਕਦੇ ਨਾ ਡੋਲ
ਜਾਦੂਗਰਨੀਆਂ ਕਲੇਜਾ ਖਾਣੀਆਂ
ਮਾਂ ਬੜੀ ਸੱਚੀ ਹੈ
ਵੇਖੋ
ਇਸ ਬੰਗਲਾਣ ਨੂੰ ਵੀ ਕੀ ਝਸ ਹੈਂ
ਫੁੱਲ ਤੋੜੇ ਵਾਲਾਂ ਵਿਚ ਲਾਵੇ
ਸਾਰਾ ਦਿਨ ਉਹਦੀ ਮਹਿਕ ਹੰਢਾਵੇ
ਰਾਤ ਪਵੇ ਸ਼ੀਸ਼ੇ ਵਿਚ ਖੜ੍ਹ ਕੇ
ਗਜ਼ ਗਜ਼ ਲੰਮਿਆਂ ਵਾਲਾਂ ਵਿਚੋਂ
ਫੁੱਲ ਪਈ ਲਾਵੇ
ਇਕ ਸਾਹ ਵੇਖੇ ਦੋ ਸਾਹ ਵੇਖੇ
ਭਰੇ ਸਰਦ ਅਜਿਹਾ ਫਿਰ ਹੌਕਾ
ਅੱਥਰੂ ਡਿੱਗ ਪੈਣ ਫੁੱਲ ਖਾ ਜਾਵੇ
ਮਾਂ ਆਖਦੀ ਹੈ
ਬੰਗਾਲੀ ਜਾਦੂਗਰਨੀਆਂ ਪੁੱਤਰ
ਬੰਦੇ ਨੂੰ ਅਲਬੇਲਾ ਕਰ ਦੇਣ
ਮਰਦਾਨੇ ਜਿਹੇ ਮਹਾਂਪੁਰਸ਼ਾਂ ਨੂੰ
ਬਿਨ ਕਸੂਰੋਂ ਲੇਲਾ ਕਰ ਦੇਣ

-0-

ਮੈਂ ਜੋ
33-34 ਵਰ੍ਹੇ ਗਰਭ ਵਿਚ ਰਿਹਾ ਹਾਂ
ਮਸਤਕ ਤੋਂ ਧੁੱਨੀ ਤਕ ਦੇ ਸਫ਼ਰ ਦੀ ਸਾਝ ਦਾ ਨਸ਼ਾ
ਬੇਸੁਰਤੀਆਂ ! ਬੇਇਖ਼ਤਿਆਰੀਆਂ !!

----

# ਰੌਸ਼ਨ ਬੱਤੀਆਂ ਹੇਠ

ਰੌਸ਼ਨ ਬੱਤੀਆਂ ਹੇਠ
ਜਦੋਂ ਮੈਂ ਬੰਬਈ ਸਾਂ
ਤੇਰਾ ਨੂਰ ਸੜਕਾਂ ਤੇ ਨੰਗਾ ਤੱਕਿਆ
ਡਾਲਫ਼ਨ ਦੀ ਅੱਖ ਵਰਗਾ
ਭੋਲੀ ਕੁੜੀ ਦਾ ਚਿਹਰਾ
ਸੜਕ ਦੀ ਸੁਰਮਈ ਅੱਖ 'ਚ ਬੈਠੀ
ਉਹ ਗੋਰੀ ਲੰਮੀ ਪਰੀ
ਜੋ ਹੁਣੇ ਹੁਣੇ
ਬਾਂਦਰਾਂ ਦਾ ਤਮਾਸ਼ਾ ਵੇਖ ਕੇ ਆਈ ਹੈ
ਸਿਰਗਟ ਦੇ ਗੁੱਲ ਵਰਗੀ ਭਗਵੀਂ ਹੈ
ਉਹ ਖਿੰਦੇ ਪਿੰਡੇ ਵਾਲੀ ਕੁੜੀ

-0-

ਚਲੋ
ਪਾਈਨ ਐਪਲ ਜੂਸ ਨਾਲ
ਆਪਣੀ ਪਿਆਸ ਬੁਝਾਉਂਦੇ ਹਾਂ
ਬੰਬਈ ਹੈ
ਲਿੰਗ ਬਦਲ ਕੇ ਸੜਕ ਤੇ ਨਿਕਲਾਂਗੇ
ਸਮਕਲੀਨ ਭੋਗ ਕਈ ਵਾਰੀ
ਨਾਟਕੀ ਹਾਦਸਿਆਂ ਨੂੰ ਜਨਮ ਦਿੰਦਾ ਹੈ
ਪੁਰਾਣੇ ਪਿੱਪਲ ਦੇ ਇਕ ਸੁੱਕੇ ਪੱਤੇ ਦੇ ਬੋਲ
ਮੇਰੇ ਕੰਨਾਂ ਵਿਚ ਗੂੰਜਦੇ ਹਨ
ਉਸੇ ਪਲ ਹੀ
ਮੈਨੂੰ ਗਰਭ ਪੀੜਾ ਦਾ ਅਹਿਸਾਸ ਹੋਇਆ
ਤੇ ਮੈਂ ਮਰਦ ਹੁੰਦਿਆਂ ਵੀ
ਆਪਣੇ ਆਪ ਨੂੰ ਗਰਭ ਕਰਾਉਣ ਖ਼ਾਤਰ

ਕਿਸੇ ਵੀ ਔਰਤ ਅੱਗੇ
ਛਿੱਥਾ ਨਹੀਂ ਪਿਆ
ਸਗੋਂ ਆਪਣੇ ਹਰ ਅੰਗ ਨੂੰ
ਵਿਪਰੀਤ ਲਿੰਗ ਰੂਪ ਦੇ ਕੇ
ਉਤਪਤੀ ਦੀ ਧਰਤ 'ਚ ਬ਼ੀਜ
ਆਇਆ ਹਾਂ
ਤਾਂ ਜੋ ਗਰਭ ਪੀੜਾ ਤੇ
ਕਿਸੇ ਮਹਾਨ ਦੁਖਾਂਤ ਦੀ ਰਚਨਾ ਹੋ ਸਕੇ
ਜਿਸਨੂੰ ਵੇਖਦੇ ਸਾਰ ਹੀ
ਪੱਥਰ ਦੀ ਅੱਖ੍ਹ ਅੱਥਰੂ ਕੇਰੇ
ਤੇ ਸਮੁੰਦਰ ਭਾਫ਼ ਹੋ ਜਾਏ

-0-

ਹੁਣੇ ਹੀ ਕੁੱਝ ਵਿਦੇਸ਼ੀ
ਤਾਜ ਮਹਿਲ ਦੀਆਂ ਪੌੜੀਆਂ ਚੜ੍ਹੇ ਹਨ
ਉਨ੍ਹਾਂ ਨਾਲ ਦੋ ਚਾਰ ਬਲੂਰ ਹਨ
ਰਾਜਸਥਾਨੀ ਬੋਤੀਆਂ ਵਰਗੇ
ਸੂਰਜ ਦੀਆਂ ਪਿੰਨੀਆਂ
ਮੋਮ ਦੀਆਂ ਪਿੰਨੀਆਂ
ਪਾਰਦਰਸ਼ੀ ਲੱਗਦੀਆਂ ਹਨ
ਹੱਥ ਫੇਰਿਆਂ
ਉਂਗਲਾਂ ਦੇ ਨਿਸ਼ਾਨ ਲਗ ਜਾਂਦੇ ਹਨ
ਹਰੀਆਂ ਕਚੂਰ ਅੱਖ੍ਹਾਂ ਵਾਲੀਆਂ
ਇਹ ਪਰੀਆਂ
ਜਦੋਂ
ਕਿਸੇ ਸਿਕੰਦਰ ਦੇ ਸੁਫ਼ਨੇ 'ਚ
ਆਉਂਦੀਆਂ ਹਨ
ਤਾਂ ਅਰਸਤੂ ਦੇ ਦੰਦਾਂ ਦੀ ਗਿਣਤੀ
32 ਤੋਂ 22 ਰਹਿ ਜਾਂਦੀ ਹੈ

----

# ਮੇਰੇ ਪਿੰਡ ਦੀ ਸ਼ਾਮ

ਗੁੱਗਾ ਪੂਜਣ ਆਉਣ ਵਾਲਾ ਹੈ
ਤੂੰ ਮੇਰੇ ਪਿੰਡ ਆਵੇਂਗਾ ਨਾ
ਫਿਰ ਵੇਖੀਂ ਤੂੰ ਆਟੇ ਦੇ ਸੱਪ
ਕਾਲੇ ਨਾਗਾਂ ਤੋਂ ਵੱਧ ਕਿੰਨੇ ਜ਼ਹਿਰੀਲੇ ਹਨ
ਆਟੇ ਦੇ ਸੱਪ
ਹੱਸ ਕੇ ਜਦ ਵੀ ਫੂਕ ਮਾਰਨਗੇ
ਤਾਂ ਖੇਤਾਂ ਵਿਚ
ਕਣਕ ਦੀਆਂ ਵੱਢੀਆਂ ਭਰੀਆਂ
ਲਪਟਾਂ ਨਿਕਲਣ ਤੋਂ ਪਹਿਲਾਂ ਹੀ
ਸੜ ਜਾਵਣਗੀਆਂ

–0–

ਤੇ ਇਸ ਰਾਖ਼ 'ਚ
ਤੈਨੂੰ ਮੇਰੇ ਪਿੰਡ ਦੇ ਨਰਗਸੀ ਫੁੱਲਾਂ ਦੇ
ਝੁਲਸੇ ਚਿਹਰੇ ਨਜ਼ਰ ਆਉਣਗੇ
ਵਾਢੀ ਕਰਦੀ ਅੱਲੜ੍ਹ ਕੁੜੀ ਦੇ ਨੈਣ ਬਲੌਰੀ
ਮਟਕੇ ਦੇ ਵਿਚ
ਕਾਲੇ ਰੰਗ ਦੀ ਲੱਸੀ ਉਤੇ ਤਰਦਾ
ਹੋਇਆ ਖ਼ੂਨ ਪਸੀਨਾ
ਖੁਰਲੀ ਤੇ ਬੱਝੇ ਪਸ਼ੂਆਂ ਗਲ
ਕਾਲੇ ਰੰਗ ਦੇ ਸੱਪ ਲਟਕਦੇ
ਹੌਲੀ ਹੌਲੀ ਸ਼ਾਮ ਢਲੇਗੀ
ਤੇ ਪਿੰਡ ਦਾ ਇਕ ਦਾਨਸ਼ਵੰਦ
ਪਿੰਡ ਦੀ ਲਾਜ ਦੀ ਛਾਤੀ ਉੱਤੇ
ਮੁੱਕੀ ਮਾਰ ਭੰਨੇਗਾ ਗੰਢਾ

–0–

ਡਰ ਹੈ ਮੈਨੂੰ
ਇਨ੍ਹਾਂ ਦਿਲਕਸ਼ ਸੀਨ ਤੇਰੇ ਤੋਂ ਤੱਕ ਨਹੀਂ ਹੋਣਾ
ਗੁੱਗਾ ਪੂਜਣ ਆਂਓਣ ਵਾਲਾ ਹੈ
ਤੂੰ ਮੇਰੇ ਪਿੰਡ ਆਵੇਂਗਾ ਨਾ
ਫਿਰ ਦੇਖੀਂ ਤੂੰ ਆਟੇ ਦੇ ਸੱਪ
ਕਾਲੇ ਨਾਗਾਂ ਤੋਂ ਵਧ ਕਿੰਨੇ ਜ਼ਹਿਰੀਲੇ ਹਨ

-0-

ਸ਼ਹਿਰ ਤੇਰੇ ਵਿਚ ਜੰਗਲੀ ਰਾਜ ਹੈਂ
ਹੈ ਤਾਂ ਇਥੇ ਵੀ ਜੰਗਲੀ ਹੀ
ਪਰ ਸ਼ਿਕਾਰ ਕਰਨ ਦੇ ਢੰਗ ਵੱਖਰੇ ਹਨ
ਉਥੇ ਸ਼ੇਰ ਧੋਤੀ ਦਾ ਲੜ ਟੁੰਗਦੇ ਟੁੰਗਦੇ
ਕਈ ਸੌ ਮੋਰਨੀਆਂ ਦੇ ਆੱਡਿਆਂ
ਤੀਕਣ ਪੀ ਜਾਂਦੇ ਨੇ
ਪਰ ਇਥੇ ਤਾਂ ਹੱਦ ਹੋ ਗਈ ਹੈ
ਬੰਦਾ ਜੰਮ੍ਣ ਤੋਂ ਪਹਿਲਾਂ ਹੀ ਕਰਜ਼ਾਈ ਹੈ

-0-

ਇਕ ਗੱਲ ਲਿਖਣੀ
ਤੈਨੂੰ ਪਿੱਛੇ ਭੁੱਲ ਗਿਆ ਹਾਂ
ਤੂੰ ਤੇ ਚੰਗੀ ਤਰ੍ਹਾਂ ਜਾਣਦੈ
ਮੇਰਾ ਬਾਪੂ ਜਿਸ ਪਟਵਾਰ ਕੀਤੀ ਹੋਈ ਹੈ
ਮੈਨੂੰ ਮੱਤੀਂ ਦਿੰਦਾ ਰਹਿੰਦਾ
ਪੁੱਤਰ ਵੇਲੇ ਕੁਵੇਲੇ
ਆਪਣਿਆਂ ਖੇਤਾਂ ਵਿਚ ਵੀ
ਨੰਗੇ ਪੈਰੀਂ ਨਹੀਂ ਜਾਈਦਾ

ਤੂੰ ਕੀ ਜਾਣੇ ਮੇਰਿਆ ਬੱਚਿਆ
ਇਕ ਸੱਪਣੀ ਨੇ ਰਾਤੋ ਰਾਤ ਇੰਨੇ ਬੱਚੇ ਦੇ ਦਿਤੇ ਨੇ
ਓਨੇ ਮੇਰੀਆਂ ਉਂਗਲਾਂ ਦੇ ਵੀ ਪੋਟੇ ਨਹੀਂ ਹਨ
ਨਹੀਂ ਤਾਂ ਪੁੱਤਰਾ ਗਿਣਕੇ
ਤੈਨੂੰ ਦਸ ਦਿੰਦਾ ਮੈਂ

-0-

ਗੁੱਗਾ ਪੂਜਣ ਆਉਣ ਵਾਲਾ ਹੈ
ਤੂੰ ਮੇਰੇ ਪਿੰਡ ਆਵੇਂਗਾ ਨਾ
ਫਿਰ ਵੇਖੀਂ ਤੂੰ ਆਟੇ ਦੇ ਸੱਪ
ਕਾਲੇ ਨਾਗਾਂ ਤੋਂ ਵੱਧ ਕਿੰਨੇ ਜ਼ਹਿਰੀਲੇ ਹਨ

----

# ਸਾਹਾਂ ਦੀਆਂ ਸੜਕਾਂ ਤੇ ਦੌੜਦੇ ਲੋਕ

ਸਾਹਾਂ ਦੀਆਂ ਸੜਕਾਂ :-

ਤੂੰ ਪੂਰੇ ਸ਼ਹਿਰ ਤੇ ਛਾਂ ਗਿਆ ਹੈਂ
ਸਾਰੇ ਦਾ ਸਾਰਾ
ਦਰਵੇਸਾ ਤੇਰੀ ਤਾਂ ਦਰਗਾਹ 'ਚ ਸੁਣੀ ਜਾਂਦੀ ਹੈ

-0-

ਮੇਰੀ ਦੁੱਧ ਦਹੀਂ ਦੀ ਅੜੀ
ਬਾਪੂ ਦੀ ਰਿਆਸਤ ਵਿਚ
ਛੱਤ ਤੱਕ ਫੈਲ ਜਾਂਦੀ ਸੀ
ਮੈਂ ਉਸ ਮਰੀਅਲ ਬਾਪ ਨੂੰ
ਤੇ ਸਮੁੰਦਰ ਮਾਂ ਨੂੰ
ਬਾਸਾਂ ਦੇ ਜੰਗਲ ਵਿਚ ਛੱਡ ਆਇਆ ਹਾਂ
ਜਿਸ ਵਿਚ ਗੁਜਰਦੀ ਹਵਾ
ਕਈ ਵਾਰ
ਝੀਲ ਕਿਨਾਰੇ ਖੜੇ ਹੰਸਾਂ ਦੇ
ਕੰਨ ਖੜੇ ਕਰ ਦਿੰਦੀ ਸੀ

-0-

ਉਹ ਸਭ ਕੁੱਝ
ਤੇ ਲੇਲੀ ਦੀ ਅੱਖ ਚੋਂ ਤੱਕ ਰਹੀ ਮਾਂ
ਅੜੀਅਲ ਬਾਪੂ
ਮੈਦਾਨੇ ਜੰਗ ਵਿਚ
ਰੇਤ ਦੇ ਘੋੜੇ ਵਾਂਗ ਭੁਰ ਗਏ
ਮਹਿਸੂਸ ਹੁੰਦੇ ਹਨ
ਉਦੋਂ ਪਰਸਿਨੋ ਦੇ ਘਰੋਂ ਨੱਸ ਜਾਣ ਦੀ ਖ਼ਬਰ
ਮੈਨੂੰ ਬੱਤੀਆਂ ਵਾਲੇ ਚੌਕ 'ਚ ਮਿਲੀ ਸੀ

-0-

ਤੂੰ ਸਾਹਾਂ ਦੀਆਂ ਸੜਕਾਂ ਤੇ ਦੌੜਦਾ ਹੈਂ
ਤੇ ਸਾਰੇ ਸ਼ਹਿਰ ਤੇ ਛਾ ਗਿਆ ਹੈਂ
ਪਰ ਮੈਂ
ਅਜੇ ਵੀ ਅੱਧਾ ਬਾਂਸਾਂ ਦੇ ਜੰਗਲ 'ਚ
ਤੇ ਅੱਧਾ ਬਾਜ ਹੁੰਦਿਆਂ ਹੋਇਆਂ ਵੀ
ਚਿੱੜੀਆਂ ਦੇ ਮੂੰਹ ਵਿਚ ਹਾਂ
ਤੇ ਬਾਕੀ ਸਾਰਾ ਲਟਕ ਰਿਹਾ ਹਾਂ
ਗੇਟ ਵੇ ਆਫ਼ ਇੰਡੀਆ ਤੇ
ਉਡੀਕਦਾ ਹਾਂ
ਸੂਰਜ ਦੀ ਲਾਲਗੀ ਵਿਚ
ਉਨ੍ਹਾਂ ਲਾਲ ਘੋੜਿਆਂ ਦਾ ਕਾਫ਼ਲਾ
ਉਨ੍ਹਾਂ ਪੰਛੀਆਂ ਦਾ ਕਾਫ਼ਲਾ
ਜੋ ਮੇਰੇ ਅੱਧ ਲਟਕੇ ਜਿਸਮ ਤੋਂ ਲੰਘਣਗੇ
ਅਤੇ ਨਵੇਂ ਤਾਜ ਮਹਿਲ ਤੇ
ਕੁੱਝ ਪਲਾਂ ਲਈ ਸਾਹ ਲੈਣਗੇ
ਫਿਰ ਉਨ੍ਹਾਂ ਦੀ ਨਜ਼ਰੀਂ ਪਵੇਗਾ
79 ਵਰ੍ਹਿਆਂ ਦਾ ਸ਼ਾਹਜਹਾਨ
ਤੇ 17 ਵਰ੍ਹਿਆਂ ਦੀ ਮੁਮਤਾਜ਼ ਬੇਗ਼ਮ
ਪੰਛੀ ਉੱਡ ਜਾਣਗੇ
ਤੇ ਮੇਰਾ ਅੱਧ ਲਟਕਦਾ ਜਿਸਮ
ਸਿਰ ਤੋਂ ਪੈਰਾਂ ਤਕ
ਸਾਰੇ ਸ਼ਹਿਰ ਨੂੰ ਲਹੂ ਨਾਲ ਰੰਗ ਦੇਵੇਗਾ
ਤੂੰ ਸਾਰੇ ਦਾ ਸਾਂਰਾ ਸ਼ਹਿਰ ਤੇ ਛਾ ਗਿਆ ਹੈਂ
ਪਰ ਮੇਰਾ ਇਕ ਪੈਰ
ਪਿੰਨੀ ਤਕ ਦੌੜ ਰਿਹਾ ਹੈ
ਤੇ ਮੇਰੇ ਗੋਡਿਆਂ ਤੇ ਉੱਗੀਆਂ ਅੱਖਾਂ
ਉਸ ਮਹਾਰਾਠਣ ਦੇ ਲੱਕ ਤੇ ਦੀਵਾ ਬਾਲ
ਮਾਛੀਵਾੜੇ ਦੇ ਹਨ੍ਹੇਰੇ ਜੰਗਲਾਂ 'ਚ ਲੋਅ
ਕਰ ਰਹੀਆਂ ਹਨ

ਤੇ ਦੌੜਦੇ ਲੋਕ :-

ੳੁਪਰਲੀ ਤੋਂ ੳੁਪਰਲੀ ਛੱਤੋਂ
ਬਟੇਰਿਆਂ ਜਿੱਡੇ ਕਬੂਤਰ
ੳੁੱਡਦੇ ਹਨ ਗੁੱਟਕਦੇ ਹਨ
ਅਤੇ ਕਦੀ ਕਦੀ ਕੋਈ
ਸ਼ਹਿਰ ਦੇ ਚੀਕ ਚਿਹਾੜੇ ਨੂੰ ਚੀਰਦਾ
ਮੇਰੇ ਮੋਢਿਆਂ ਤੇ ਆ ਬੈਠਦਾ ਹੈ
ਨਜ਼ਰ ਤਿਲਕ-ਤਿਲਕ ਡਿੱਗਦੀ ਹੈ
ਉਸ ਮਛੇਰਣ ਦੇ ਪੱਟਾਂ ਤੋਂ ਪਿੰਨੀਆਂ ਤੇ
ਜੋ ਹੁਣੇ-ਹੁਣੇ
ਸਮੁੰਦਰ ਚੋਂ ਅੱਗ ਕੱਢ ਲਿਆਈ ਹੈ
ਰੁਮਕਦੀ ਹਵਾ
ਜਦੋਂ ਇਸਦੀ ਪਾਰਦਰਸ਼ੀ
ਦੇਹੀ ਚੋਂ ਲੰਘਦੀ ਹੈ
ਤਾਂ ਸਮੁੰਦਰ ਕਿਨਾਰੇ
ਬਾਸਬੱਤੀ ਦੀ ਮਹਿਕ ਫੈਲ ਜਾਂਦੀ ਹੈ
ਆਫ਼ਤ ਹੈ ਨਿਰੀ
ਤ੍ਰਾਂਬੇ ਜਿਹਾ ਸਰੀਰ ਇਸਦਾ
ਸੋਨਾ ਬਣ-ਬਣ ਲਿਸ਼ਕਦਾ ਹੈ
ਫੈਲਦਾ ਹੈ ਸਾਰੇ ਸਮੁੰਦਰ ਤੇ ਅੱਗ ਵਾਂਗ
ਲਾਲ ਅਕਾਸ਼ 'ਚ ਬਲਂ ਰਿਹਾ ਸੂਰਜ
ਪਹਿਨਾਅ ਰਿਹਾ ਹੈ
ਇਸਦੇ ਜਿਸਮ ਤੇ ਸੂਹੇ ਰੰਗ ਦੀ
ਫੁੱਲਕਾਰੀ

-0-

ਹੁਣੇ ਪਲ ਕੁ ਪਿੱਛੋਂ
ਇਸ ਕੁੜੀ ਦਾ ਸਾਇਆ
ਇਸਦਾ ਸਿਰ ਛੂਹੇਗਾ
ਤੇ ਇਹ ਸੰਗੇਮਰਮਰ ਦਾ ਬੁੱਤ
ਨੰਗੀ-ਮੌਤ ਦਾ ਕਲਾ ਨਮੂਨਾ
ਇਸ ਸ਼ਹਿਰ ਦੀਆਂ ਸੜਕਾਂ ਉਤੇ
ਜਦ ਕਦਮ ਧਰੇਗਾ
ਸ਼ਹਿਰ ਦਾ ਹਰ ਬਸ਼ਰ ਬਲੇਗਾ
ਚਾਂਦੀ ਦੇ ਅੰਬਾਰਾਂ ਉੱਤੇ
ਹੁਸਨ ਇਹਦੇ ਦਾ ਦੀਪ ਜਲੇਗਾ

-0-

ਪਲ ਦੀ ਪਲ ਇੰਝ ਸਮਝੋ
ਸੂਰਜ ਮੁੜਕੇ ਉੱਗ ਆਇਆ ਹੈ
ਬਾਸਮੱਤੀ ਦੀ ਮਹਿਕ ਦੀ ਥਾਵੇਂ
ਮੋਈਆਂ ਮੱਛੀਆਂ ਦੀ ਬਦਬੂ ਹੈ
ਇਸ ਸ਼ਹਿਰ ਦੀ ਹਰ ਇਕ ਬੱਤੀ
ਹਨ੍ਹੇਰੇ ਦਾ ਸਾਲਮ ਖੂਹ ਹੈ
ਸੰਗੇਮਰਮਰ ਦੇ ਬੁੱਤ ਅੰਦਰ
ਉਸ ਕੁੜੀ ਦੀ ਜ਼ਖ਼ਮੀ ਰੂਹ ਹੈ
ਪੈਰਾਂ ਦੇ ਵਿਚ ਕਲਾਕਾਰ
ਇਕ ਮੋਇਆ ਹੋਇਐ
ਪੱਥਰ ਦੇ ਵਿਚ ਰੂਹ ਫੂਕ ਕੇ
ਪੱਥਰ ਦਾ ਹੀ ਹੋਇਆ ਹੋਇਐ
ਸ਼ਹਿਰ ਦੀ ਨਜ਼ਰ 'ਚ ਮੋਮ ਹੈ ਸਾਰਾ
ਜੋ ਲਹੂ ਛੱਤਾਂ ਚੋਂ ਚੋਇਆ ਹੋਇਐ

-0-

ਸਾਹਾਂ ਦੀ ਸੜਕਾਂ :-

ਤੂੰ ਸਾਰੇ ਦਾ ਸਾਰਾ ਸ਼ਹਿਰ ਤੇ ਛਾ ਗਿਆ ਹੈਂ
ਤੇ ਬਾਂਸਾਂ ਦੇ ਜੰਗਲ ਦੀ ਅੱਥਰੀ ਹਵਾ
ਸੀਖ਼ਾਂ 'ਚ ਬੰਦ ਅੱਡੀਆਂ ਰਗੜ ਰਗੜ
ਪੁਕਾਰ ਰਹੀ ਹੈ
"ਜੇ ਤੋ ਪ੍ਰੇਮ ਖੇਲਣ ਕਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ"
ਕੱਲ੍ਹ ਦੀ ਮਾਤਮੀ ਰਾਤ
ਜੋ ਮੈਂ ਇਕ ਛੱਤ ਥੱਲੇ
ਨਿਰਨੇ ਕਲੇਜੇ ਦਾਰੂ ਪੀ ਕੇ ਗੁਜ਼ਾਰੀ ਹੈ
ਸਾਰੀ ਰਾਤ ਮੇਰੇ ਪਿੱਛਵਾੜੇ
ਕਬੀਰ ਦਾ ਸਰਾਧ
ਸਰਕਾਰੀ ਤੌਰ ਤੇ ਹੁੰਦਾ ਰਿਹੈ

-0-

ਮੈਂ ਉੱਠਣਾ ਨਹੀਂ ਸੀ
ਸ਼ਾਇਦ ਮੈਨੂੰ ਭੁੱਖ ਲੱਗੀ ਹੈ
ਤੇ ਮੈਂ ਆਪਣੇ ਉਹ ਦੋ ਦੰਦ
ਜੋ ਫ਼ਰੀਦਾ ਦੀ ਛਾਤੀ
ਤੇ ਲਖ਼ਸ਼ਮੀ ਦੀ ਪਿੱਠ 'ਚ ਖੋਭੇ ਸਨ
ਉਨ੍ਹਾਂ ਨੂੰ ਉੱਥੇ ਭੁੱਲ ਜਾਣ ਦਾ
ਮੈਨੂੰ ਅਤਿਅੰਤ ਅਫ਼ਸੋਸ ਹੈ
ਕਿਉਂਕਿ ਅੱਜ ਦਾ ਸਾਰਾ ਦਿਨ.
ਮੇਰੇ ਪੇਟ ਨੂੰ ਭੁੱਖ-ਭੋਗ ਕਰਨਾ ਪਏਗਾ
ਪਰ ਨਹੀਂ ਜੋ ਕੁੱਝ ਸਾਹਮਣੇ ਬੋਰਡ ਕਹਿ ਰਹਿ ਹੈ
ਤਾਂ ਖਾਣੇ ਦਾ ਕੀ
ਖਾਣਾ ਕੰਨਾਂ ਰਾਹੀਂ ਵੀ ਖਾਧਾ ਜਾਂ ਸਕਦਾ ਹੈ
ਇਹ ਲਿੰਗ ਬਦਲਵੰਤੀ ਗ੍ਰਹਿ ਹੈ
ਕੰਨ ਸ਼ਾਂਤ ਹੁਨ ਅੱਖ੍ਰ ਖ਼ਾਮੋਸ਼ ਹੈ

-0-

ਤੂੰ ਪੂਰੇ ਸ਼ਹਿਰ ਤੇ ਛਾ ਗਿਆ ਹੈਂ ਸਾਰੇ ਦਾ ਸਾਰਾ
ਪਰ ਮੈਂ ਅਜੇ ਵੀ ਅੱਧਾ ਬਾਸਾਂ ਦੇ ਜੰਗਲ ਚ
ਤੇ ਅੱਧਾ ਬਾਜ ਹੁੰਦਿਆਂ ਹੋਇਆਂ ਵੀ ਚਿੜੀਆਂ ਦੇ
ਮੂੰਹ ਵਿਚ ਹਾਂ

----



ਹੁਣ ਆਪਣੀ ਹੋਂਦ ਦੇ ਅਰਥ
ਬਦਲ ਹੀ ਲਵਾਂ ਤਾਂ ਚੰਗਾ ਹੈ
ਇਸ ਤਰ੍ਹਾਂ ਜ਼ਿੰਦਗੀ ਦੇ ਢਾਹੇ ਹੇਠ
ਕਿੰਨਾ ਕੁ ਚਿਰ ਜੀਵਾਂਗਾ
ਮੇਰੇ ਲਈ ਔਖਾ ਹੈ
ਧੁੱਨੀ ਚੋਂ ਕਸਤੂਰੀ ਪੈਦਾ ਕਰਨੀ
ਜਦ ਖੁਸ਼ਬੂ ਦੇ ਹੀ ਅਰਥ ਬਦਲੇ ਹਨ

ਚਰਨ ਸਿੰਘ